https://archive.org/details/namdhari

ਆਰ. ਐਲ.

ਨੰ: ੨੫੫੧

੧ ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਕਲਿਜੁਗ ਮੇਂ ਸਤਿਜੁਗ ਵਰਤਾਊਂ ॥ ਤਬੀ ਬਾਰਵਾਂ ਬਪ ਕਹਾਊਂ ॥

ਸਤਿਜੁਗ

ਸ੍ਰੀ ਭੈਣੀ ਸਾਹਿਬ

ਚੰਦਾ ਦੇਸ ਸਲਾਨਾ ੬)
ਮਹੀਨੇ ਦਾ ੩ ॥)

ਚੰਦਾ ਦੇਸ ਸਲਾਨਾ ੪)
੬ ਮਹੀਨੇ ਦਾ ੨ ॥)

[ਜਿਲਦ ੧੫ } ੧੪ ਮਘਰ ਸੰਮਤ ੧੯੯੭ - ਵੀਰਵਾਰ ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੨੬ { ਨੰਬਰ ੪੦]

ਅਪਨੇ ਸੁਤੇ ਭਾਗ ਜਗਾ ਲੈ

(ਵਲੋਂ– ਬੀਬੀ ਪ੍ਰਕਾਸ਼ ਕੌਰ ਜੀ "ਪ੍ਰਕਾਸ਼" ਕਲਕੱਤਾ)

ਉਠ ਨੀਂਦਰ ਚੋਂ ਗ਼ਾਫ਼ਲ ਭੈਣੇ, ਉਠਕੇ ਗੀਤ ਅਜ਼ਾਦੀ ਗਾ ਲੈ।
ਮੁਦਤ ਗੁਜ਼ਰੀ ਸੁਤਿਆਂ ਤੈਨੂੰ, ਅਪਨੇ ਸੁਤੇ ਭਾਗ ਜਗਾ ਲੈ।
ਅਣਖ ਲਿਆਕੇ ਦਿਲ ਦੇ ਅੰਦਰ, ਕਦਮ ਕੋਈ ਅਗ੍ਹਾਂ ਵਧਾ ਲੈ।
ਅਪਨੇ ਸੁਤੇ ਭਾਗ ਜਗਾ ਲੈ।

ਚੁਪ ਮੋਹਰ ਬੁਲ੍ਹਾਂ ਤੇ ਲਾਈ, ਬੈਠੀ ਏਂ ਸਧਰਾਂ ਦਿਲੇ ਛੁਪਾਈ।
ਅਜ਼ਾਦੀ ਦੀ ਵੀਣਾ ਲੈਕੇ, ਭੁੱਲੇ ਹੋਏ ਤਰਾਨੇ ਗਾ ਲੈ।
ਅਪਨੇ ਸੁੱਤੇ ਭਾਗ ਜਗਾ ਲੈ।

ਜੀਵਨ ਵਿਚ ਪੱਤਝੜ ਪਈ ਵੱਸੇ, ਬੁਲ ਬੁਲ ਦੇਖ ਦੂਰ ਪਈ ਨੱਸੇ।
ਲੈਕੇ ਕੋਈ ਅਨੋਖਾ ਖੇੜਾ, ਪਾਕੇ ਖਿੱਚਾਂ ਪਾਸ ਬੁਲਾ ਲੈ।
ਅਪਨੇ ਸੁੱਤੇ ਭਾਗ ਜਗਾ ਲੈ।

ਉਠ ਛੇਤੀ ਕੁਝ ਕਰ ਦਿਖਲਾ ਦੇ, ਸੁਤੇ ਹੋਏ ਜੁਗ ਪਲਟਾ ਦੇ।
ਨਵ ਜੀਵਨ ਦੇ ਨਗ਼ਮੇ ਗਾਕੇ, ਦੇਸ਼ ਦੇ ਰੁੱਸੇ ਭਾਗ ਹਸਾ ਲੈ।
ਅਪਨੇ ਸੁਤੇ ਭਾਗ ਜਗਾ ਲੈ।

ਫਸੀ ਪਿੰਜਰੇ ਵਿਚ ਅਜ਼ਾਈਂ, ਰਸਮ ਜੰਜ਼ੀਰ ਪਈ ਕਲਾਈਂ।
ਭੈਣ ਤੋੜਕੇ ਇਹ ਜੰਜ਼ੀਰਾਂ, ਵਿਚ ਅਕਾਸ਼ ਉਡਾਰੀ ਲਾ ਲੈ।
ਅਪਨੇ ਸੁਤੇ ਭਾਗ ਜਗਾ ਲੈ।

ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ ਸ੍ਰੀ ਭੈਣੀ ਸਾਹਿਬ ਜ਼ਿਲਾ ਲੁਦਿਹਾਣਾ ਵਿਖੇ ਬਲਵੰਤ ਸਿੰਘ ...
ਪ੍ਰਬੰਧ ਨਾਲ ਛਪਿਆ ਤੇ ਦਫਤਰ "ਸਤਿਜੁਗ" ਸ੍ਰੀ ਭੈਣੀ ਸਾਹਿਬ ਵਿਚੋਂ ਪ੍ਰਕਾਸ਼ਤ ਹੋਇ...

Sri Satguru Jagjit Singh Ji eLibrary NamdhariElibrary@gmail.com

ਹਿਮਾਲੀਆ ਪਹਾੜ ਦੀਆਂ ਘਾਟੀਆਂ

[ਪੰਡਤ ਜਵਾਹਰ ਲਾਲ ਜੀ ਦੀ ਕਲਮ ਤੋਂ]

ਸੰਨ ੧੯੧੬ ਦੀ ਬਸੰਤ ਪੰਚਮੀ ਨੂੰ ਮੈਂ ਦਿੱਲੀ ਵਿਚ ਸਾਂ; ਮੇਰੀ ਸਲਾਹ ਹੋਈ ਕਿ ਕਸ਼ਮੀਰ ਦੀ ਸੈਰ ਕੀਤੀ ਜਾਏ। ਗਰਮੀ ਦੇ ਕਈ ਮਹੀਨੇ ਮੈਂ ਕਸ਼ਮੀਰ ਵਿਚ ਰਹਿ ਕੇ ਬਤੀਤ ਕੀਤੇ। ਜੰਗਲ ਅਤੇ ਪਹਾੜਾਂ ਵਿਚ ਖ਼ੂਬ ਭਟਕਦਾ ਫਿਰਦਾ ਰਿਹਾ।

ਤਿੱਬਤ ਦੀ ਘਾਟੀ

ਦੋ ਪਹਾੜਾਂ ਦੇ ਦਰਮਿਆਨ ਬਿਲਕੁਲ ਭੀੜਾ ਰਸਤਾ ਸੀ। ਦੋਨੋਂ ਤਰਫ਼ ਹਰੇ ਹਰੇ ਪਹਾੜ ਬਰਫ਼ ਦਾ ਮੁਕਟ ਧਾਰਨ ਕੀਤੇ ਖੜੇ ਸਨ। ਇਕ ਵੱਡੀ ਸਾਰੀ ਖੰਦਕ ਵੀ ਸੀ। ਝੋਜੀਲਾ ਘਾਟੀ ਨੂੰ ਪਾਰ ਕਰਕੇ ਅਸੀਂ ਅਗੇ ਵਧੇ ਕਿ ਇਕ ਅਨੁਭਵ ਹੋਇਆ। ਉਸ ਜਗਹ ਦਾ ਨਾਮ ਮਾਤਾ ਜਾਂਨ ਸੀ। ਏਥੋਂ ਅਮਰ ਨਾਥ ਦੀ ਗੁਫਾ ੭ ਮੀਲ ਦੇ ਫ਼ਾਸਲੇ ਤੇ ਸੀ। ਰਸਤੇ ਵਿਚ ਸ ਨੂੰ ਇਕ ਪਹਾੜ ਲੰਘਣਾ ਪੈਣਾ ਸੀ। ੧੧੫੦੦ ਫੁਟ ਦੀ ਉਚਾਈ ਤੇ ਅਸੀਂ ਪਹੁੰਚਣਾ ਸੀ। ਸਾਡੇ ਨਾਲ ਇਕ ਰਸਤਾ ਦਸਣ ਵਾਲਾ ਭੀ ਸੀ। ਬਰਫ਼ ਦੀਆਂ ਅਨੇਕਾਂ ਨਦੀਆਂ ਅਸੀਂ ਪਾਰ ਕੀਤੀਆਂ। ਜਿਉਂ ਜਿਉਂ ਉਪਰ ਚੜ੍ਹਦੇ ਗਏ ਸਾਡੀ ਕਠਿਨਾਈ ਵਧਦੀ ਗਈ। ਸਾਡੇ ਨਾਲ ਜੇਹੜੇ ਮਜ਼ਦੂਰ ਸਨ, ਉਨ੍ਹਾਂ ਪਾਸ ਕੋਈ ਜ਼ਿਆਦਾ ਭਾਰ ਨਹੀਂ ਸੀ। ਫਿਰ ਭੀ ਓਹ ਕਾਫ਼ੀ ਤੰਗ ਆ ਗਏ। ਅਸੀਂ ਥਕਕੇ ਚਕਨਾਂ ਚੂਰ ਹੋ ਗਏ। ਬਾਰਹ ਘੰਟੇ ਲਗਾਤਾਰ ਅਸੀਂ ਸਫ਼ਰ ਕੀਤਾ। ਮੇਰਾ ਅਨੁਮਾਨ ਹੈ ਕਿ ਅਸੀਂ ੧੫੦੦੦-੧੬੦੦੦ ਫੁੱਟ ਦੀ ਚੜ੍ਹਾਈ ਚੜ੍ਹ ਗਏ ਹੋਵਾਂਗੇ।

ਅਚਾਨਕ ਹਿਮਾਂਛਾਦਿਤ ਸਰੋਵਰ ਨੇ ਸਾਡਾ ਰਸਤਾ ਰੋਕ ਲਿਆ। ਬੇ ਹੱਦ ਬਰਫ਼ ਡਿਗਣ ਲਗੀ, ਹੌਲੀ ਹੌਲੀ ਸਾਡੀ ਘਾਟੀ ਤੋਂ ਸਰੋਵਰ ਓਝਲ ਹੋ ਗਿਆ। ਅਸੀਂ ਅਗੇ ਵਧੇ। ਕੇਵਲ ਅੱਧਾ ਮੀਲ ਅਗੇ ਜਾਣਾ ਸੀ। ਇਸ ਸਰੋਵਰ ਦੇ ਪਾਰ ਅਮਰ ਨਾਥ ਦੀ ਗੁਫਾ ਸੀ। ਉਸ ਗੁਫਾ ਦੇ ਦਰਸ਼ਨ ਦੀ ਬੜੀ ਪ੍ਰਬਲ ਲਾਲਸਾ ਸੀ। ਅਸੀਂ ਖ਼ੁਸ਼ੀ ਵਿਚ ਅਪਣੀ ਥਕਾਵਟ ਵੀ ਭੁੱਲ ਗਏ। ਇਸ ਰਸਤੇ ਵਿਚ ਕਈ ਖੰਦਕਾਂ ਤੇ ਖਾਈਆਂ ਬਰਫ਼ ਨਾਲ [illegible]ਈਆਂ ਪਈ[illegible] ਜਗਹ ਤੇ ਅਗੇ ਵੱਧ ਰਿਹਾ ਸਾਂ ਕਿ ਜੇ ਇਨ੍ਹਾਂ ਖੰਦਕਾਂ ਵਿਚ ਪੈਰ ਫਿਸਲ ਜਾਵੇ ਤੇ ਉਨ੍ਹਾਂ ਵਿਚ ਡਿੱਗ ਪਈਏ ਤਾਂ ਹਜ਼ਾਰ ਸਾਲ ਤਕ ਸਾਡੀ ਲਾਸ਼ ਨੂੰ ਕਢਣ ਵਾਲਾ ਨਹੀਂ ਮਿਲੇਗਾ। ਅਚਾਨਕ ਇਕ ਜਗਹ ਬਰਫ਼ ਵਿਚ ਮੇਰਾ ਪੈਰ ਧੱਸ ਗਿਆ ਬੜੀ ਡੂੰਘੀ ਖਾਈ ਸੀ। ਜੇ ਮੇਰਾ ਇਕ ਸਾਥੀ ਮੈਨੂੰ ਫੜਕੇ ਸੰਭਾਲਦਾ ਨਾਂ, ਤਾਂ ਮੈ ਸ਼ਾਇਦ ਹੀ ਬਚ ਸਕਦਾ। ਉਸ ਦਿਨ ਪ੍ਰਮੇਸ਼ਰ ਨੇ ਹੀ ਮੈਨੂੰ ਬਚਾਇਆ।

ਇਸਤੋਂ ਬਾਦ ਅਗੇ ਵਧਨ ਦੀ ਬੜੀ ਕੋਸ਼ਸ਼ ਕੀਤੀ, ਪਰ ਪੈਰ ਮਾਨੋ ਭਾਰੇ ਹੋ ਗਏ ਸਨ। ਇਕ ਕਦਮ ਵੀ ਅਗੇ ਵਧਣਾ ਮੇਰੇ ਲਈ ਅਸੰਭਵ ਸੀ। ਮਜਬੂਰਨ ਸਾਨੂੰ ਵਾਪਸ ਔਣਾ ਪਿਆ। ਅਮਰ ਨਾਥ ਦੀ ਗੁਫਾ ਦੇ ਦਰਸ਼ਨ ਸੁਪਨਸਮਾਨ ਹੀ ਹੋ ਗਏ। ਉਸਤੋਂ ਥੋੜਾ ਚਿਰ ਬਾਦ ਮੈਂ ਰਾਜਨੀਤਕ ਜੀਵਨ ਵਿਚ ਪ੍ਰਵੇਸ਼ ਕੀਤਾ। ੧੭ ਵਰ੍ਹੇ ਖਤਮ ਹੋ ਗਏ ਹਨ. ਕਸ਼ਮੀਰ ਜਾਣ ਦਾ ਮੌਕਾ ਹੀ ਹੱਥ ਨਹੀਂ ਲਗਿਆ।

ਅਜ ਭੀ ਮੇਰੀ ਆਤਮਾਂ ਅਮਰ ਨਾਥ ਦੇ ਦਰਸ਼ਨਾਂ ਨੂੰ ਚਾਹੁੰਦੀ ਹੈ, ਮੈਂ ਓਥੇ ਜਾਣ ਲਈ ਹਰ ਵੇਲੇ ਸੋਚਦਾ ਰਹਿੰਦਾ ਹਾਂ ਕਿ ਓਹ ਘੜੀ ਕਦ ਆਵੇਗੀ ਜਦ ਮੈਂ ਓਨ੍ਹਾਂ ਪ੍ਰਕ੍ਰਿਤਕ ਨਜ਼ਾਰਿਆਂ ਨੂੰ ਦੇਖ ਦੇਖ ਖੁਸ਼ ਹੋਵਾਂਗਾ। ਮਾਨ ਸਰੋਵਰ ਦੇ ਦਰਸ਼ਨ ਮੈਂ ਕੀਤੇ, ਬੜਾ ਸੁੰਦਰ ਦ੍ਰਿਸ਼ ਸੀ। ਉਸ ਸੁਹਾਵਨੀ, ਮਨ ਲੁਭੌਣੀ ਜਗਹ ਦਾ ਨਕਸ਼ਾ ਖਿਚਨ ਲਈ ਕੋਈ ਭੀ ਸ਼ਕਤੀ ਮੇਰੇ ਪਾਸ ਮੌਜੂਦ ਨਹੀਂ। ਉਸ ਸਮੇਂ ਸਾਰੀ ਝੀਲ ਬਰਫ਼ ਨਾਲ ਢਕੀ ਪਈ ਸੀ।

ਅਫ਼ਸੋਸ, ਸਮੇਂ ਕਰਕੇ ਮੈਂ ਅਮਰ ਨਾਥ ਦੀ ਗੁਫਾ ਤਕ ਨਹੀਂ ਪਹੁੰਚ ਸਕਿਆ, ਪਰ, ਮੇਰੀ ਆਤਮਾ ਹਰ ਵੇਲੇ ਓਥੇ ਹੀ ਰਹਿੰਦੀ ਹੈ। ਮੈਨੂੰ ਇਸਤ੍ਰਾਂ ਮਾਲੂਮ ਹੁੰਦਾ ਹੈ ਕਿ ਹਿਮਾਲੀਆ ਮੈਨੂੰ ਬਾਹਾਂ ਉਲਾਰ ਉਲਾਰ ਅਵਾਜ਼ਾਂ ਮਾਰ ਰਿਹਾ ਹੈ। ਮੇਰੇ ਕੰਨਾਂ ਵਿਚ ਪਹਾੜੀ ਨਦੀਆਂ ਦਾ ਮਧੁਰ ਸ਼ੋਰ ਹੁਣ ਤਕ ਗੂੰਜ ਰਿਹਾ ਹੈ।

ਪ੍ਰਕ੍ਰਿਤਕ ਨਜ਼ਾਰੇ ਦੇਖਣ ਦੀ ਲਾਲਸਾ [illegible]ਦਾ ਸਦਾ ਹੀ ਮੈਨੂੰ [illegible]ਰੀ ਰਹਿੰਦੀ ਹੈ। ਕਦੇ ਨ[illegible] ਕਦੇ ਜ਼ਰੂਰ ਮੈਂ ਪ੍ਰਕ੍ਰਿਤਕ ਗੋਦ ਵਿਚ ਬਹਿਕੇ ਸੁਖਦ ਘੜੀਆਂ ਦਾ ਅਨੰਦ ਮਾਣ ਸਕਾਂਗਾ।

—o—

ਨਵੀਨਤਾ

("ਚਕ੍ਰਵਰਤੀ" ਜੀ ਦੀ ਕਲਮ ਤੋਂ)

ਸਾਡੀ ਦੁਨੀਆਂ ਵਿਚ ਸਦਾ ਨਵੀਨਤਾ ਦੀ ਮੌਜ ਬਹਾਰ ਹੈ, ਜਿਸ ਲਈ ਹਰ ਇਕ ਦਾ ਮਨ ਮੌਜ ਵਿਚ ਮਗਨ ਰਹਿੰਦਾ ਹੈ। ਇਸ ਲਈ ਬਿਖੜਾ ਪੰਧ ਵੀ ਚੱਲਣ ਲਈ ਸਾਫ਼ ਅਰ ਆਸਾਨ ਲਗਦਾ ਹੈ।

ਅਜੇਹੀ ਦੁਨੀਆਂ ਵਿਚ, ਜਿਥੇ ਸਦਾ ਮੌਤ ਦਾ ਮਾਰੂ ਵਜਦਾ ਹੈ, ਜੇ ਨਵੀਨਤਾ ਨਾ ਹੁੰਦੀ, ਤਾਂ ਹਰ ਕੋਈ ਹੈਰਾਨ ਹੋਕੇ ਭੱਜ ਜਾਂਦਾ।

ਜ਼ਮਾਨੇ ਵਿਚ ਨਵੀਨਤਾ ਹੀ ਹੁਸਨ ਦਾ ਜ਼ਬਰਦਸਤ ਹਥਿਆਰ ਹੈ। ਇਸੇ ਦੀ ਹਸਤੀ ਤੇ ਹੁਸਨ ਦੀ ਹਸਤੀ ਦਾ ਦਾਰੋਮਦਾਰ ਹੈ। ਸੁਤੰਤ੍ਰਤਾ ਦੀ ਰਾਗਨੀ ਸਾਹਮਣੇ ਇਹ ਸੁਰੀਲੀ ਸਤਾਰ ਹੈ, ਹਰ ਨਜ਼ਾਰੇ ਦੀ ਨਜ਼ਰ ਨਵੀਨਤਾ ਦੇ ਨੂਰ ਬਿਨਾ ਨਫ਼ੀ ਹੈ।

ਜੇ ਹਰ ਚੀਜ਼ ਤੇ ਨਵੀਨਤਾ ਆਪਣੀ ਮੁਹਰ ਨਾ ਲਾਂਦੀ, ਤਾਂ ਹੁਸਨ ਆਪਣੀ ਤਾਰੀਫ਼ ਨੂੰ ਖ਼ਤਰੇ ਵਿਚ ਪਈ ਵੇਖਦਾ।

ਸਚਾਈ ਤੇ ਜਦ ਨਵੀਨਤਾ ਦਾ ਰੰਗ ਚੜ੍ਹਦਾ ਹੈ, ਤਾਂ ਇਂਜ ਲਗਦਾ ਹੈ ਜਿਵੇਂ ਸੋਨੇ ਦੀ ਅੰਗੂਠੀ ਵਿਚ ਕਿਸੇ ਹੀਰਾ ਜੜ ਦਿੱਤਾ ਹੁੰਦਾ ਹੈ। ਹੁਨਰ ਉਹ ਹੈ ਜੋ ਨਮੂਨੇ ਵਿਚ ਨਵੀਂ ਬਣਾਵਟ ਅਤੇ ਨਵੀਂ ਜ਼ਬਾਨ ਵਿਚ ਪੁਰਾਣੀ ਫ਼ਿਲਾਸਫ਼ੀ ਬਿਆਨ ਕਰੇ। ਪੁਰਾਣੇ ਮਨ ਨੂੰ ਜਦ ਨਵੀਂ ਪੁਸ਼ਾਕ ਵਿਚ ਸਜਾ ਦੇਈਏ ਫਿਰ ਉਸ ਦਾ ਨਖ਼ਰਾ ਕੁਝ ਹੋਰ ਹੀ ਹੋ ਉਠਦਾ ਹੈ।

ਕੱਲ ਜੋ ਹਰਾਨੀ ਵਾਲਾ ਸੀ, ਅੱਜ ਉਹੀ ਮਾਮੂਲੀ ਹੈ। ਜੋ ਕੱਲ ਇਲਮ ਸੀ ਅੱਜ ਉਹ ਜਹਾਲਤ ਵਿਚ ਸ਼ੁਮਾਰ ਹੈ।

ਸ਼ਾਇਦ ਓਹ ਕੱਲ ਐਬ ਹੋ ਜਾਏ, ਜਿਸਨੂੰ ਅੱਜ ਨਜ਼ਾਕਤ ਕਿਹਾ ਜਾਂਦਾ ਹੈ। ਉਹ ਚੀਜ਼ ਕਿਹੜੀ ਹੈ ਜਿਸ ਵਿਚ ਅਦਲਾ ਬਦਲੀ ਨ ਹੋਵੇ? ਭਾਵੇਂ ਆਤਮਾਂ ਮੁਕਤੀ ਵਿਚ ਬਦਲ ਨਹੀਂ ਜਾਂਦੀ ਤਦ ਵੀ ਉਸ ਵਿਚ ਨਿਰਾਲੀ ਚਮਕ ਪੈਦਾ ਹੋ ਹੀ ਜਾਂਦੀ ਹੈ।

ਹਰ ਦਿਨ ਹਰ ਸਵੇਰੇ ਨਵਾਂ ਸੰਦੇਸ਼ ਦੇਂਦਾ ਹੈ–ਕਿ ਮੈਂ ਨਵੀਨ ਤੋਂ ਨਵੀਨ ਹਾਂ,

(ਬਾਕੀ ਦੇਖੋ ਸਫ਼ਾ ੮ ਤੇ)

Sri Satguru Jagjit Singh Ji eLibrary NamdhariElibrary@gmail.com

ਹਫ਼ਤਾ ਵਾਰ ਅਖ਼ਬਾਰ "ਸਤਿਜੁਗ" ਸ੍ਰੀ ਭੈਣੀ ਸਾਹਿਬ
ਵੀਰਵਾਰ ੧੪ ਮਘਰ ਸੰ: ੧੯੯੦

ਵਿਦਿਆ ਵੀਚਾਰੀ, ਤਾਂ ਪਰਉਪਕਾਰੀ

ਪੜ੍ਹੇ ਲਿਖੇ ਭਾਈਚਾਰੇ ਵਿਚ ਇਹ ਗੱਲ ਆਮ ਪਾਈ ਜਾਂਦੀ ਹੈ ਕਿ ਉਹਨਾਂ ਦੀ ਰੌਸ਼ਨੀ ਸਦਕਾ ਘਰੇਗੀ ਜੀਵਨ ਬੜੇ ਸੁਖੀ ਤੇ ਸਾਊਪੁਣੇ ਦੇ ਸੂਚਕ ਹੁੰਦੇ ਹਨ। ਪੜ੍ਹਿਆ ਲਿਖਯਾ ਕੋਈ ਵੀ ਪ੍ਰਵਾਰ ਆਪ ਦੇਖ ਸਕਦੇ ਹੋ, ਕਿ ਘਰ ਦੀ ਸਫ਼ਾਈ ਤੇ ਸੋਹਣੀ ਤਰਤੀਬ ਦੇਣ ਵਿਚ ਕਮਾਲਤਾ ਹੀ ਦਿਖਾਈ ਹੁੰਦੀ ਹੈ। ਉਨ੍ਹਾਂ ਦੇ ਬਚਿਆਂ ਨੂੰ ਸਿਖਯਾਵਾਂ ਵੀ ਬੜੀਆਂ ਜ਼ੋਰ ਭਰੀਆਂ ਤੇ ਸਾਊ ਲੜਕਾ ਬਣਾਨ ਵਾਲੀਆਂ ਹੁੰਦੀਆਂ ਹਨ। ਜਿਥੇ ਆਮ ਅਨਪੜ੍ਹ ਜਨਤਾ ਦੇ ਘਰਾਂ ਵਿਚ ਬੱਚਿਆਂ ਨੂੰ ਮੁਢਿਆਂ ਹੀ ਗਾਲ੍ਹਾਂ ਤੇ ਗੰਦੀਆਂ ਇਖਲਾਕ ਗਿਰੀਆਂ ਹੋਈਆਂ ਗੱਲਾਂ ਸਿਖਾਈਆਂ ਦੀਆਂ ਹਨ, ਓਥੇ ਰੌਸ਼ਨੀ ਵਾਲੇ ਘਰਾਂ ਚ ਬੱਚਿਆਂ ਦਾ ਇਖ਼ਲਾਕ ਉੱਚਾ ਬਣਾਨ ਵਧ ਤੋਂ ਵਧ ਯਤਨ ਕੀਤਾ ਜਾਂਦਾ ਹੈ। ਜ ਕਲ ਸਾਡੇ ਪਿੰਡਾਂ ਵਿਚ ਵਿਦਯਾ ਦਾ ਸ਼ੌਕਾ ਬੜੀ ਜਾਗ੍ਰਤਾ ਆ ਰਹੀ ਹੈ, ਜਾਹਲ ਕੌਮਾਂ ਵਿਚ, ਵਿਦਯਾ ਆਪਣਾ ਚਮਤਕਾਰਾ ਖਾਕੇ ਕੁਝ ਰੌਸ਼ਨੀ ਪੈਦਾ ਕਰ ਰਹੀ ਹੈ। ਦੋਂ ਵੀ ਕੋਈ ਮੁਲਕ ਜਾਂ ਕੌਮ ਵਿਦਯਾ ਨੂੰ ਪਣਾਉਂਦੀ ਹੈ ਤਾਂ ਜ਼ਰੂਰ ਹੀ ਉਸ ਕੌਮ ਦੇ ਕ ਜਾਗ ਉਠਦੇ ਹਨ। ਉਹ ਅਜ਼ਾਦੀ ਜੀਵਨ ਹੀ ਪਸੰਦ ਕਰਦੀ ਹੈ। ਗੁਲਾਮੀ ਲੋਂ ਮੌਤ ਨੂੰ ਚੰਗਾ ਖਿਆਲ ਕਰਨ ਲੱਗ ਦੀ ਹੈ। ਵਿਦਯਾ ਬੜੀ ਉੱਤਮ ਚੀਜ਼ ਹੈ। ਥੇ ਵਿਦਯਾ ਆ ਜਾਂਦੀ ਹੈ, ਓਥੇ ਖੇੜਾ ਹੀ ਆ ਜਾਂਦਾ ਹੈ। ਸਾਰੇ ਵਾਯੂ ਮੰਡਲ ਵਿਚ ਹਾਂ ਤੇ ਲਪਟਾਂ ਆਪਣਾ ਅਸਰ ਵਿਖਾ- ਨਹੀਂ ਰਹਿੰਦੀਆਂ।

ਅਨਪੜ੍ਹ ਭਾਈਚਾਰੇ ਵਿਚ ਬੜੀਆਂ ਤ ਫਹਿਮੀਆਂ ਹੁੰਦੀਆਂ ਹਨ। ਅਸਤ ਨੂੰ ਸਮਝਾਉਣ ਲਗਿਆਂ ਅਸੀਂ ਹੈ ਇਹ ਸਮਝ ਲੈਂਦੇ ਹਾਂ ਕਿ ਅਨਪੜ੍ਹ ਅਸਲੀ ਗੱਲ ਦੀ ਤਹਿ ਤੇ ਡੂੰਘਾਈ ਤੀਕ ਪਹੁੰਚ ਹੀ ਨਹੀਂ ਸਕਦਾ। ਉਲਟਾ ਸਾਡੇ ਅਸਲੀ ਨੁਕਤੇ ਨੂੰ ਵਿਗਾੜਕੇ ਉਸਨੂੰ ਗਲਤ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ, ਜਿਸਤੋਂ ਕਈ ਗਲਤ ਫਹਿਮੀਆਂ ਜਨਮ ਲੈਂਦੀਆਂ ਹਨ।

ਬੇਸ਼ਕ ਅਜ ਯੂਰਪ ਅਸ਼ਾਂਤੀ ਦੇ ਵਹਿਣ ਵਿਚ ਵਹਿਕੇ ਅਮਨ ਤੇ ਸਾਂਝ ਨੂੰ ਤਿਲਾਂਜਲੀ ਦੇ ਬੈਠਾ ਹੈ, ਪਰ ਵਿਦਯਾ ਦੀ ਰੌਸ਼ਨੀ, ਸਾਇੰਸ ਦੀ ਤਰੱਕੀ ਤੇ ਹੋਰ ਮਨੁਖੀ ਦਿਮਾਗ ਦੇ ਅਦਭੁਤ ਚਮਤਕਾਰ ਕਿਸੇ ਤੋਂ ਗੁੱਝੇ ਛਿਪੇ ਨਹੀਂ। ਜੇ ਅਜ ਯੂਰਪ ਨੇ ਗਲਤੀ ਕਰਕੇ ਲੜਾਈ ਛੇੜ ਦਿਤੀ ਹੈ ਤਾਂ ਉਹ ਦਿਨ ਵੀ ਦੂਰ ਨਹੀਂ, ਜਦੋਂ ਕਿ ਅਮਨ ਤੇ ਸ਼ਾਂਤੀ ਦੀ ਗੂੰਜ ਯੂਰਪ ਦੇ ਤਪਦੇ ਵਾਯੂ ਮੰਡਲ ਨੂੰ ਠੰਡਿਆਂ ਕਰ ਦੇਵੇਗੀ।

ਮੇਰਾ ਭਾਵ ਕੀ, ਬੇਸ਼ਕ ਯੂਰਪ ਲੜਾਈ ਵਿਚ ਗਲਤਾਨ ਹੈ, ਪਰ ਫਿਰ ਵੀ ਵਿਦਯਾ ਦਾ ਚਾਨਣ, ਜਿਹੜਾ ਯੂਰਪ ਵਿਚ ਹੈ, ਨਾਂ ਏਸ਼ੀਆ ਤੇ ਨਾਂ ਦੁਨੀਆਂ ਦੇ ਕਿਸੇ ਹੋਰਸ ਹਿੱਸੇ ਵਿਚ ਹੈ। ਅਸੀਂ ਗੈਰਾਂ ਦੇ ਗੁਣ ਤੇ ਸ਼ੁਭ ਸਿਖਯਾਵਾਂ ਧਾਰਣ ਕਰਨ ਦੇ ਆਦੀ ਤਾਂ ਕਿਥੇ ਹੋਣਾ ਸੀ, ਰੀਸ ਕਰਨੀ ਸਿਖ ਗਏ ਹਾਂ। ਫੈਸ਼ਨੇਬਲ ਬਾਬੂ ਬਣਨਾ ਤਾਂ ਸਾਡੀ ਫਿਤਰਤ ਬਣ ਗਈ ਹੈ, ਪਰ ਅੰਗ੍ਰੇਜ਼ਾਂ ਤੇ ਹੋਰ ਯੂਰਪੀਨ ਕੌਮਾਂ ਤੋਂ ਅਸੀਂ ਰਹਿਣੀ ਬਹਿਣੀ ਦੀ ਉੱਕੀ ਹੀ ਸਿਖਿਆ ਨਹੀਂ ਲੈ ਸਕੇ। ਇਹ ਤਦ ਹੀ ਹੋ ਸਕਦਾ ਸੀ ਜੇ ਸਾਨੂੰ ਵਿਦਯਾ ਦਾ ਸ਼ੌਂਕ ਹੁੰਦਾ, ਸਾਡੇ ਅਗਿਆਨੀ ਦਿਲਾਂ ਵਿਚ ਕੁਝ ਚਾਨਣ ਹੁੰਦਾ।

ਨਾਮਧਾਰੀ ਪੰਥ ਦੇ ਰਹਿਬਰ ਸ੍ਰੀ ਹਜ਼ੂਰ **ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ** ਨੇ ਹੁਕਮ ਕੀਤਾ ਹੈ ਕਿ ਵਿਦਯਾ ਦੀ ਮੰਗ ਕਰ ਰਹੇ ਜ਼ਮਾਨੇ ਦੇ ਮੁਤਾਬਕ ਸਾਨੂੰ ਵੀ ਜਹਾਲਤ ਤੇ ਅਵਿਦਯਾ ਦੇ ਖਿਲਾਫ਼ ਜਬਰਦਸਤ ਜਹਾਦ ਸ਼ੁਰੂ ਕਰ ਦੇਣਾ ਚਾਹਿਦਾ ਹੈ। ਕੋਈ ਭੀ ਨਾਮਧਾਰੀ ਭਰਾ ਵਿਦਯਾ ਤੋਂ ਵਾਂਝਿਆਂ ਨਹੀਂ ਰਹਿਣਾ ਚਾਹੀਦਾ। ਹਰ ਇਕ ਨਾਮਧਾਰੀ ਬਾਲ ਤੋਂ ਬੁੱਢੇ ਤਕ ਨੂੰ ਆਪਣੀ ਮਾਤ੍ਰੀ ਬੋਲੀ ਗੁਰਮੁਖੀ ਦੇ ਅਖਰ ਪੜ੍ਹਨੇ ਸ਼ੁਰੂ ਕਰ ਦੇਣੇ ਚਾਹੀਦੇ ਹਨ। ਸਾਡੀ ਕੌਮ ਦੀ ਇਹ ਪੜ੍ਹਨ ਵਾਲੀ ਸਪਿਰਟ ਵੇਖਕੇ ਕਈ ਗਵਾਂਢੀ ਕੌਮਾਂ ਸਾਥੋਂ ਸਿਖਯਾ ਲੈ ਸਕਦੀਆਂ ਹਨ। ਔਣ ਵਾਲੇ ਸਮਿਆਂ ਵਿਚ ਇਤਹਾਸ ਇਸ ਗਲ ਦੀ ਸਾਖੀ ਹੋਵੇਗਾ ਕਿ ਕਿਸੇ ਮੌਕੇ ਨਾਮਧਾਰੀ ਕੌਮ ਨੇ ਅਵਿਦਯਾ ਦੇ ਖਿਲਾਫ਼ ਜ਼ਬਰਦਸਤ ਅੰਦੋਲਨ ਜਾਰੀ ਕੀਤਾ ਸੀ।

ਪਿਆਰੇ ਨਾਮਧਾਰੀ ਭਰਾਵੋ ! ਸਤਿਗੁਰੂ ਜੀ ਦੇ ਹੁਕਮਾਂ ਦੀ ਪਾਲਨਾ ਕਰਨੀ ਤਾਂ ਤੁਸੀਂ ਜਾਣਦੇ ਹੀ ਹੋ, ਹੁਕਮ ਮਿਲਿਆ ਨਹੀਂ ਤੇ ਉਸਤੇ ਅਮਲ ਸ਼ੁਰੂ ਹੋਇਆ ਨਹੀਂ ! ਤੁਸੀਂ ਕਦੇ ਵੀ ਸਤਿਗੁਰੂ ਦੇ ਹੁਕਮ ਨੂੰ ਸਿਰਮੱਥੇ ਮੰਨਣ ਤੋਂ ਨਾਂਹ ਨਹੀਂ ਕੀਤੀ ਤੇ ਫੌਰਨ ਹੁਕਮ ਨੂੰ ਮੰਨਦੇ ਹੋਏ ਸਤਿਗੁਰੂ ਜੀ ਦਾ ਦਸਿਆ ਹੋਇਆ ਕੰਮ ਕਰਦੇ ਰਹੇ ਹੋ।

ਹੁਣ ਸਤਿਗੁਰੂ ਜੀ ਨੇ ਬੜਾ ਜਰੂਰੀ ਹੁਕਮ ਦਿਤਾ ਹੈ ਕਿ ਨਾਮਧਾਰੀਆਂ ਦੇ ਪਿੰਡ ਪਿੰਡ ਸਕੂਲ ਖੁਲ੍ਹਣੇ ਚਾਹੀਦੇ ਹਨ, ਜਿਨ੍ਹਾਂ ਵਿਚ ਨਾਮਧਾਰੀ ਅਸੂਲਾਂ ਦੀ ਸਿਖਿਆ ਦੇਕੇ ਤੇ ਦੁਨੀਆਂ ਦੇ ਹਾਲਤਾਂ ਤੋਂ ਜਾਣੂੰ ਕਰਾਕੇ ਨਾਮਧਾਰੀ ਬੱਚਿਆਂ ਨੂੰ ਇਸ ਕਾਬਲ ਕਰਨਾ ਚਾਹੀਦਾ ਹੈ ਕਿ ਓਹ ਆਪਣੀ ਕੌਮ ਤੇ ਦੇਸ਼ ਲਈ ਮਾਣ ਦਾ ਕਾਰਨ ਬਣ ਸਕਨ।

ਇਹ ਸਕੂਲ ਕਿਸ ਕਿਸਮ ਦੇ ਹੋਣਗੇ? ਇਹ ਅਸੀ ਕਹਿਣੋਂ ਹਾਲਾਂ ਅਸਮਰਥ ਹਾਂ। ਬੜੇ ਭਾਰੇ ਪੈਮਾਨੇ ਪਰ ਸਕੀਮ ਸੋਚੀ ਜਾ ਰਹੀ ਹੈ, ਉਮੈਦ ਹੈ ਕਿ ਨਾਮਧਾਰੀ ਆਗੂ ਤੇ ਸ੍ਰੀ ਹਜ਼ੂਰ ਦੀ ਪ੍ਰਵਾਨਗੀ ਨਾਲ ਓਹ ਸਕੀਮ ਅਮਲ ਵਿਚ ਲਿਆਂਦੀ ਜਾਵੇਗੀ। ਨਾਮਧਾਰੀ ਮਹਾਨ ਭਾਵਾਂ ਦੀ ਸੇਵਾ ਵਿਚ ਨਿਮਰ ਅਰਜ਼ ਹੈ ਕਿ ਓਹ ਹੁਣ ਤੋਂ ਹੀ ਹਰ ਇਕ ਮਾਈ ਭਾਈ ਦੇ ਹਥ ਵਿਚ ਬਾਲ ਸਿਖਯਾ ਫੜਾ ਦੇਣ। ਜਿਥੋਂ ਤਕ ਹੋ ਸਕੇ ਆਪਣੇ ਇਲਾਕਿਆਂ ਵਿਚ ਦੌਰੇ ਕਰਕੇ ਪੜ੍ਹਾਈ ਦੀ ਪ੍ਰੇਰਨਾ ਲੋਕ

ਜਵਾਨ ਸੂਰਤ

ਸਾਡੇ ਦੇਸ ਵਿਚ ਸੂਰਤਾਂ ਬੜੀ ਛੇਤੀ ਬੁਢੀਆਂ ਬਚੀਆਂ ਦਿਸਣ ਲਗ ਪੈਂਦੀਆਂ ਹਨ। ਹਾਲਾਂਕਿ ਯੂਰਪ ਵਿਚ ੫੦ ਵਰ੍ਹੇ ਦੇ ਆਦਮੀ ਤੇ ਇਸਤ੍ਰੀਆਂ ਆਪਨੂੰ ਜਵਾਨ ਸਮਝਦੇ ਤੇ ਜਵਾਨ ਦਿਸਦੇ ਹਨ।

ਸੂਰਤ ਦੀ ਜਵਾਨੀ ਵਧੇਰੀ ਜਵਾਨ ਖਿਆਲਾਂ ਉਤੇ ਨਿਰਭਰ ਹੈ, ਤੇ ਏਸ ਤੋਂ ਉਤਰਕੇ ਰਹਿਣੀ ਤੇ ਜਵਾਨੀ ਕਾਇਮ ਰਖਣ ਦੇ ਉਤਸ਼ਾਹ ਉਤੇ। ਸਾਫ ਰਹਿਣਾ, ਸੂਰਤ ਨੂੰ ਸਵਾਰਕੇ ਰਖਣਾਂ ਤੇ ਟੁਟੇ ਖੁਸੇ ਮੁਰਝਾਏ ਦਿਸਣ ਨੂੰ ਸ਼ਰਮ ਸਮਝਣਾਂ ਜਵਾਨੀ ਨੂੰ ਦੇਰ ਤਕ ਆਪਣੀ ਸਾਬਤ ਰਖਣ ਦੀਆਂ ਘਟ ਤੋਂ ਘਟ ਸ਼ਰਤਾਂ ਹਨ। ਜਿਨਾਂ ਵਿਚ ਜਵਾਨੀ ਹੈ, ਖਿਆਲਾਂ ਵਿੱਚ ਜੋਬਨ ਹੈ, ਹੱਡਾਂ ਵਿੱਚ ਉੱਦਮ ਹੈ, ਬੁਢਾਪਾ ਕਦੇ ਆ ਨਹੀਂ ਸਕਦਾ।

ਸਾਦੀ ਖੁਰਾਕ, ਉਦਮੀ ਜੀਵਨ, ਜਵਾਨਾਂ ਦੀ ਸੁਹਬਤ, ਜਵਾਨਾਂ ਦੇ ਕੰਮਾਂ ਦੀ ਪ੍ਰਸੰਸਾ, ਰੋਜ਼ਾਨਾਂ ਇਸ਼ਨਾਨ ਤੇ ਚਿਹਰੇ ਦੀ ਮਾਲਸ਼ ਓੜਕ ਦਮ ਤਕ ਸੂਰਤ ਵਿਚ ਜਵਾਨੀ ਦੀ ਲਿਸ਼ਕ ਕਾਇਮ ਰਖ ਸਕਦੇ ਹਨ।

ਸਵੇਰੇ ਇਸ਼ਨਾਨ ਵੇਲੇ ਬਿਲਾ ਨਾਗਾ ਥੋੜਾ ਜਿਹਾ ਸਰਹੋਂ ਦੇ ਤੇਲ ਜਾਂ ਕਿਸੇ ਹੋਰ ਮਨ ਭਾਉਂਦੀ ਥਿੰਧਿਆਈ ਨਾਲ ਉਂਗਲਾਂ ਦੇ ਪੋਟੇ ਡੋਬਕੇ ਮੱਥੇ, ਅੱਖਾਂ ਤੇ ਨੱਕ ਦੁਆਲੇ ਮਾਲਸ਼ ਕਰੋ। ਫੇਰ ਸਾਬਨ ਨਾਲ ਬਿੰਦਾ ਧੋ ਛਡੋ। ਰਾਤ ਨੂੰ ਸੌਣ ਲਗਿਆਂ ਮੂੰਹ ਧੋਕੇ ਸੌਂਵੇ, ਤੇ ਥੋੜੀ ਜਿਹੀ ਮਾਲਸ਼ ਕਰੇ। ਕਦੇ ਕਦਾਈਂ ਕਰਨਾਂ ਕੁਝ ਅਸਰ ਨਹੀਂ ਰਖਦਾ, ਸਾਲਾਂ ਬੱਧੀ ਆਪਣੀ ਜ਼ਿੰਦਗੀ ਦਾ ਇਕ ਨਿਯਮ ਬਣਾ ਲਵੇ। ਮਾਲਸ਼ ਕਰਨ ਵੇਲੇ ਆਪਣੇ ਅੰਗਾਂ ਨਾਲ ਗਲ੍ਹਾਂ ਕਰਕੇ ਉਹਨਾਂ ਨੂੰ ਜਵਾਨੀ ਲਈ ਪ੍ਰੇਰੇ।

ਹਰੇਕ ਇਸਤ੍ਰੀ ਪੁਰਸ਼ ਦਾ ਫਰਜ਼ ਹੈ ਕਿ ਓਹ ਦੂਜਿਆਂ ਨੂੰ ਭਲੇ ਦਿਸਣ ਦਾ ਯਤਨ ਕਰੇ। ਦੁਨੀਆਂ ਵਿਚ ਖੁਸ਼ਨਮਾਈ ਵਧਾਏ, ਕੋਝ ਤੇ ਬੁਢਾਪਾ ਘਟਾਏ।

ਝਿਜਕ ਰਹੇ ਹਨ। ਆਪਣਾ ਕੰਮ ਜਾਰੀ ਰਖੋ ਤੇ ਅਗਾਂਹ ਕਦਮ ਵਧਾਈ ਚਲੋ, ਫਿਰ ਦੇਖਣਾ ਕਿ ਕਾਮਯਾਬੀ ਸਾਡੇ ਪੈਰ ਚੁੰਮੇਗੀ।

ਕੀ ਨਾਮਧਾਰੀ ਭਰਾ ਮੇਰੀ ਅਰਜ਼ ਨੂੰ ਭੁਲਾ ਤਾਂ ਨਹੀਂ ਦੇਣਗੇ? ਕੀ ਸਤਿਗੁਰੂ ਜੀ ਦਾ ਹੁਕਮ ਮੰਨਦੇ ਹੋਏ ਗੁਰਮੁਖੀ ਅਖੱਰ ਪੜ੍ਹਨੇ ਸ਼ੁਰੂ ਕਰ ਦਿਤੇ ਜਾਣਗੇ? ਪੱਕੀ ਆਸ ਹੈ ਕਿ ਕੋਈ ਭੀ ਅਨਪੜ੍ਹ ਨਾਮਧਾਰੀ ਵਿਦਯਾ ਤੋਂ ਵਾਂਝਾ ਨਹੀਂ ਰਹੇਗਾ।

ਜੇ ਕਾਰ ਵਿਹਾਰ ਕਰਦਿਆਂ ਦਿਨ ਨੂੰ ਵਕਤ ਨਾਂ ਮਿਲੇ ਤਾਂ ਰਾਤ ਨੂੰ ਪੜ੍ਹਾਈ ਹੋ ਸਕਦੀ ਹੈ। ਦੇਖਣਾਂ, ਭੁੱਲ ਨ ਜਾਣਾ। ਗੁਰੂ ਜੀ ਨੇ ਵੀ ਬਾਣੀ ਵਿਚ ਫੁਰਮਾਇਆ ਹੈ ਕਿ-"ਵਿਦਯਾ ਵੀਚਾਰੀ, ਤਾਂ ਪਰ ਉਪ-[illegible] ...ਰੀ"

ਸਰਬ ਹਿੰਦ ਕਾਂਗ੍ਰਸ ਦਾ ਸਲਾਨਾ ਇਜਲਾਸ

ਪੰਜਾਬ ਸੂਬਾ ਕਾਂਗ੍ਰਸ ਕਮੇਟੀ ਦਾ ਜਨਰਲ ਇਜਲਾਸ ੨੩ ਨਵੰਬਰ ਦੁਪਹਿਰ ਨੂੰ ਲਾਜਪਤ ਰਾਇ ਹਾਲ ਵਿਚ ਮੀਆਂ ਇਫਤਖਾਰ ਦੀਨ ਐਮ. ਐਲ ਏ ਦੀ ਪ੍ਰਧਾਨਗੀ ਹੇਠ ਹੋਇਆ। ਸਰਬ ਸੰਮਤੀ ਨਾਲ ਇਹ ਪਾਸ ਕੀਤਾ ਗਿਆ ਕਿ ਸਰਬ ਹਿੰਦ ਕਾਂਗਸ ਦਾ ਸਾਲਾਨਾ ਇਜਲਾਸ ਲਹੌਰ ਦੇ ਲਾਗੇ ਕੀਤਾ ਜਾਵੇ। ਕਿਉਂਕਿ--ਮਹਾਤਮਾਂ ਗਾਂਧੀ ਜੀ ਨੇ ਮੌਲਾਨਾ ਅਜ਼ਾਦ ਪ੍ਰਧਾਨ-ਕਾਂਗ੍ਰਸ ਦੀ ਸਲਾਹ ਨਾਲ ਮੌਜੂਦਾ ਸੂਰਤ ਹਾਲਾਤ ਨੂੰ ਮੁਖ ਰਖਕੇ ਇਹ ਹਦੈਤ ਕੀਤੀ ਹੈ ਕਿ ਇਜਲਾਸ ਕਿਸੇ ਕੇਂਦਰੀ ਜਗਹ ਕੀਤਾ ਜਾਵੇ।

ਸਾਡੇ ਮੁਲਕ ਵਿਚ ਸਤਿਆਗ੍ਰਹ ਦਾ ਜ਼ੋਰ ਹੈ, ਵਡੇ ਵਡੇ ਨੇਤਾ ਆਪਣੇ ਆਪਨੂੰ ਗ੍ਰਿਫਤਾਰੀ ਲਈ ਪੇਸ਼ ਕਰ ਰਹੇ ਹਨ। ਜੇ ਇਸੇ ਤ੍ਰਾਂ ਫੜੋ ਫੜੀ ਗਹਿਮਾ ਗਹਿਮ ਰਹੀ ਤਾਂ ਇਜਲਾਸ ਸ਼ਾਇਦ ਹੀ ਰੌਣਕ ਦਾਰ ਹੋਵੇ।

ਵਿਦਵਾਨਾਂ ਦੀ ਮੁਬਾਰਕ ਜ਼ਬਾਨ ਤੋਂ

੧. ਦੁਨੀਆਂ ਪਿਆਰ ਵਾਸਤੇ ਬਣੀ ਹੈ। (ਵੇਦ)

੨. ਪ੍ਰੇਮ ਗੁਨਾਹ ਗਾਰਾਂ ਨੂੰ ਸੁਧਾਰ ਦਿੰਦਾ ਹੈ। (ਕਬੀਰ)

੩. ਮੇਰਾ ਹੁਕਮ ਹੈ ਕਿ ਤੁਸੀਂ ਇਕ ਦੂਜੇ ਨਾਲ ਪਿਆਰ ਕਰੋ। (ਹਜ਼ਰਤ ਕਨਫਿਊਸ਼ਸ)

੪. ਪਿਆਰ ਅੱਖਾਂ ਨਾਲ ਨਹੀਂ, ਦਿਲ ਨਾਲ ਵੇਖਦਾ ਹੈ, ਇਸ ਕਰਕੇ ਪ੍ਰੇਮ ਦਾ ਦੇਵਤਾ ਅੰਨ੍ਹਾ ਬਣਾਇਆ ਗਿਆ ਹੈ। (ਸ਼ੈਕਸਪੀਅਰ)

੫. ਪ੍ਰੇਮ ਦਾ ਦੇਵਤਾ ਖਿਡਾਉਣਿਆਂ ਨਾਲ ਖੇਡਦਾ ਹੈ, ਕਿਉਂਕਿ ਓਹ ਬੱਚਾ ਹੈ। (ਫੋਰਡ)

੬. ਪ੍ਰੇਮ ਆਤਮਾਵਾਂ ਦੇ ਵਿਆਹ ਦਾ ਨਾਮ ਹੈ। (ਵਾਲਟੇਅਰ)

੭. ਮਿਹਰਬਾਨੀ ਆਦਮੀ ਦੇ ਲਈ ਦਰ ਵਾਜ਼ਾ ਖੋਹਲਦੀ ਹੈ, ਪਰ ਪਿਆਰ ਉਸਨੂੰ ਅੰਦਰ ਲੈ ਜਾਂਦਾ ਹੈ। (ਡਰਾਈਡਨ)

੮. ਵਿਦਿਆ ਦੀ ਠੰਢੀ ਰੌਸ਼ਨੀ ਬਿ... ਪਿਆਰ ਦਾ ਬੂਟਾ ਕਦੀ ਵੀ ਲਹਿ ਲ... ਨਹੀਂ ਸਕਦਾ।

੯. ਪਿਆਰ ਦੀ ਜੀਭ ਅੱਖਾਂ ਵਿਚ ਹੈ। (ਫਲੈਚਰ)

੧੦. ਪ੍ਰੇਮ ਕਦੀ ਤਬਾਹ ਨਹੀਂ ਹੁੰ... ਇਸਦੀਆਂ ਪਵਿਤ੍ਰ ਚਿੰਗਾਰੀਆਂ ਹਮੇ... ਚਮਕਦੀਆਂ ਰਹਿੰਦੀਆਂ ਹਨ। (ਸੌਦੇ)

੧੧. ਵੰਡ ਦੇਣ ਦਾ ਹੱਕ ਉਸੇ ਨੂੰ ਜਿਹੜਾ ਪਿਆਰ ਕਰਦਾ ਹੈ। (ਟੈਗੋਰ)

੧੨. ਪ੍ਰਮਾਤਮਾ ਪੂਜਾ ਦਾ ਨਹੀਂ, ਸ... ਪਿਆਰ ਦਾ ਭੁੱਖਾ ਹੈ। (ਦਯਾ ਨੰਦ)

ਸਰਹੱਦ ਦੀ ਹਾਲਤ

ਏ. ਪੀ. ਆਈ ਦੀ ਇਕ ਖ... ਅਨੁਸਾਰ ਦਸਿਆ ਜਾਂਦਾ ਹੈ ਕਿ ਫ... ਇਪੀ ਸਰਹੱਦ ਤੇ ਆਪਣੇ ਹੈਡ ਕਵਾਰਟ... ਤੇ ਵਾਪਸ ਆ ਗਿਆ ਹੈ ਅਤੇ ਕੁਝਕੁ ਕਬੀ... ਵਾਲਿਆਂ ਨੇ ਕੁਝਕੁ ਅੰਗ੍ਰੇਜ਼ਾਂ ਨੂੰ, ਜਿ... ਵਿਚ ਇਕ ਅੰਗ੍ਰੇਜ਼ ਅਫਸਰ ਭੀ ਸ਼ਾਮਲ... ਮਾਰਿਆ ਤੇ ਜ਼ਖਮੀ ਕੀਤਾ। ਦੋ ਆਦ... ਮਾਰੇ ਗਏ, ਤਿੰਨ ਜ਼ਖਮੀ ਹੋਏ। ਕੌਣ ... ਸਕਦਾ ਹੈ ਕਿ ਇਨ੍ਹਾਂ ਕਬੀਲੇ ਵਾਲਿਆਂ ... ਕਿਸੇ ਪ੍ਰਦੇਸੀ ਤਾਕਤ ਦੀ ਸ਼ਹਿ ਹੋਵੇ। ... ਤਾਂ ਇਨ੍ਹਾਂ ਦੀ ਇਨੀ ਦਲੇਰੀ ਕਿਸਤ... ਸਕਦੀ ਹੈ। ਸਰਕਾਰ ਨੂੰ ਇਸ ਗਲ ... ਚੰਗੀਤਰਾਂ ਖੋਜ ਕਰਨੀ ਚਾਹੀਦੀ ਹੈ। ਇਸ ਕਿਸਮ ਦੇ ਖਤਰੇ ਤੋਂ ਖਬਰਦਾਰ ਰ... ਚਾਹੀਦਾ ਹੈ।

Sri Satguru Jagjit Singh Ji eLibrary NamdhariElibrary@gmail.com

ਸਾਡੀ ਭਾਈਚਾਰਕ ਦਸ਼ਾ

(ਵਲੋਂ ਸੰਤ ਇੰਦਰ ਸਿੰਘ ਜੀ "ਚੱਕ੍ਰਵਰਤੀ)

ਦੁਨੀਆਂ ਦੇ ਆਰਥਿਕ ਮੰਦਵਾੜੇ ਦੀ ਅੱਜ ਹੱਦ ਹੋ ਗਈ ਹੈ। ਧਨ ਦਾ ਮੋਹ ਮਨੁੱਖ ਦੇ ਦਿਲ ਨੂੰ ਏਨਾ ਭੈੜਾ ਬਣਾ ਚੁੱਕਾ ਹੈ, ਜਿਸਨੂੰ ਵੇਖਕੇ ਇਨਸਾਨੀਅਤ ਕੰਬਣ ਲਗ ਜਾਂਦੀ ਹੈ। ਜੇ ਗੰਭੀਰਤਾ ਨਾਲ ਵਿਚਾਰ ਕਰਕੇ ਵੇਖੀਏ ਤਾਂ ਪਤਾ ਲਗਦਾ ਹੈ ਕਿ ਦੁਨੀਆਂ ਵਿਚ ਬਹੁਤੀਆਂ ਖਰਾਬੀਆਂ ਆਰਥਿਕ ਮੰਦਵਾੜੇ ਕਰਕੇ ਹੀ ਹੁੰਦੀਆਂ ਹਨ। ਇਸ ਦੇ ਪਿਛੇ ਕਿੰਨਾਂ ਪਾਪ, ਕਿੰਨਾਂ ਧ੍ਰੋਹ, ਕਿੰਨਾਂ ਵਿਸ਼ਵਾਸ-ਘਾਤ ਹੁੰਦਾ ਹੈ, ਉਸਨੂੰ ਤੱਕ ਕੇ ਡਰ ਆਉਣ ਲਗ ਜਾਂਦਾ ਹੈ। ਕਿਸੇ ਦੇਸ ਲਈ ਇਸ ਤੋਂ ਵੱਡੀ ਸ਼ਰਮ ਦੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਧਨ ਦੇ ਵਾਸਤੇ ਮਨੁੱਖ, ਮਨੁੱਖ ਦੀ ਜਾਨ ਕੁਰਬਾਨ ਕਰ ਦਏ। ਥੋੜੇ ਦਿਨ ਹੋਏ ਅਖਬਾਰਾਂ ਵਿਚ ਇਕ ਖਬਰ ਛਪੀ ਸੀ ਇਕ ਲੋਭੀ ਪਿਉ ਨੇ ਲਖਸ਼ਮੀ ਨੂੰ ਪ੍ਰਸੰਨ ਕਰਨ ਲਈ ਅਪਣੇ ਪੁਤਰ ਦੀ ਬਲੀ ਦੇ ਦਿੱਤੀ। ਇਹ ਕਹਾਣੀ ਏਉਂ ਦੱਸੀ ਜਾਂਦੀ ਹੈ: "ਲੜਕੇ ਦੇ ਪਿਤਾ ਨੂੰ ਕਿਸੇ ਜੋਤਸ਼ੀ ਨੇ ਕਿਹਾ ਸੀ ਕਿ ਜੇ ਉਹ ਅਪਣੇ ਪੁਤਰ ਦੀ ਬਲੀ ਦੇ ਦਏ ਤਾਂ ਲਖਸ਼ਮੀ ਉਸ ਤੇ ਪ੍ਰਸੰਨ ਹੋ ਜਾਇਗੀ। ਇਸ ਤੋਂ ਉਸ ਲਾਲਚੀ ਪਿਉ ਨੇ ਮੁੰਡੇ ਨੂੰ ਨੁਲਾ ਕੇ ਲਖਸ਼ਮੀ ਦੀ ਮੂਰਤੀ ਦੇ ਅਗੇ ਖੜਾ ਕਰਕੇ ਕਿਹਾ ਕਿ– ਅੱਖ ਮੁੰਦ ਕੇ ਲਖਸ਼ਮੀ ਦਾ ਧਿਆਨ ਕਰ, ਤੈਨੂੰ ਲਖਸ਼ਮੀ ਦੇ ਦਰਸ਼ਨ ਹੋਣਗੇ। ਲੜਕੇ ਨੇ ਪਿਤਾ ਦੀ ਆਗਿਆ ਅਨੁਸਾਰ ਅਖਾਂ ਬੰਦ ਕਰਕੇ, ਜਿਉਂ ਹੀ ਲਖਸ਼ਮੀ ਅਗੇ ਸਿਰ ਨਿਵਾਇਆ, ਤਿਉਂ ਹੀ ਪਿਉ ਦੇ ਨਿਰਦਈ ਹਥਾਂ ਦੀ ਤਲਵਾਰ ਨੇ ਉਸ ਦਾ ਸਿਰ ਕਟ ਦਿੱਤਾ।" ਦੁਨੀਆਂ ਵਿਚ ਸਾਡੇ ਪੰਜਾਬ ਵਿਚ-- ਅਜ ਵੀ ਅਜਿਹੇ ਲੋਭੀ ਮੌਜੂਦ ਹਨ, ਇਹ ਜਾਣ ਕੇ ਕਿਸ ਦੇਸ਼ ਭਗਤ ਦਾ ਦਿਲ ਦੁਖੀ ਨਹੀਂ ਹੋਇਆ ਹੋਵੇਗਾ। ਉਸ ਦੇਸ਼ ਦੀ, ਉਸ ਕੌਮ ਦੀ, ਉਸ ਸਮਾਜ ਦੀ ਭੁਲਾਈ ਦੀ ਕੀ ਆਸ ਕੀਤੀ ਜਾ ਸਕਦੀ ਹੈ, ਜਿਸ ਵਿਚ ਅਜੇ ਵੀ ਨਿਰਦਈ ਅਤੇ ਲੋਭੀ ਪਿਉ ਮੌਜੂਦ ਹਨ। ਮਨੁਖੀ ਜੀਵਨ ਦੀ ਸਫਲਤਾ ਲਈ ਧਨ ਦੀ ਲੋੜ ਜ਼ਰੂਰੀ ਹੁੰਦੀ ਹੈ, ਪਰ ਉਹਨਾਂ ਲੋਭੀਆਂ ਅਤੇ ਹਤਿਆਰਿਆਂ ਨੂੰ ਕੀ ਕਿਹਾ ਜਾਇ ਜੋ ਧਨ ਨੂੰ ਹੀ ਜ਼ਿੰਦਗੀ ਦਾ ਅੰਤਮ ਨਿਸ਼ਾਨਾਂ ਸਮਝਦੇ ਹਨ।

ਇਕ ਦੁਖ ਹੋਵੇ ਉਹ ਤੇ ਦੂਰ ਵੀ ਕੀਤਾ ਜਾ ਸਕਦਾ ਹੈ, ਏਥੇ ਤੇ ਪੈਰ ਪੈਰ ਤੇ ਜਾਨ ਦੇ ਧੋਖੇ ਹਨ।

ਵਿਧਵਾ ਵਿਆਹ ਦਾ ਰਿਵਾਜ ਨਾਂ ਹੋਣ ਕਰਕੇ ਜੋ ਦੁਰਦਸ਼ਾ ਵਿਧਵਾ ਦੀ ਹੁੰਦੀ ਹੈ, ਉਸਨੂੰ ਕੌਣ ਨਹੀਂ ਜਾਣਦਾ। ਏਹ ਕਿੰਨੇ ਅਫਸੋਸ ਦੀ ਗੱਲ ਹੈ ਕਿ ਵਹੁਟੀ ਦੇ ਮਰ ਜਾਣ ਤੇ ਗਭਰੂ ਜਦ ਜੀ ਚਾਹੇ ਵਿਆਹ ਕਰ ਲਏ ਪਰ ਇਸਤ੍ਰੀ ਨੂੰ ਪਤੀ ਦੀ ਮੌਤ ਪਿਛੋਂ ਵੀ ਵਿਆਹ ਕਰਨ ਦਾ ਕੋਈ ਅਧਿਕਾਰ ਨਹੀਂ। ਵਿਧਵਾ ਦੀ ਜ਼ਿੰਦਗੀ ਮੁਸੀਬਤ ਅਰ ਆਫ਼ਤ ਦੀ ਜ਼ਿੰਦਗੀ ਹੈ ਓਹ ਨਾਂ ਅੱਛਾ ਖਾ ਸਕਦੀ ਹੈ, ਅਰ ਨਾਂ ਹੀ ਅੱਛਾ ਪਹਿਨ ਸਕਦੀ ਹੈ। ਉਸਨੂੰ 'ਭੁੰਜੇ ਸਉਂ ਰਖ ਮੈਲਾ ਵੇਸ' ਸਦਾਈਂਹੀ ਉਪਦੇਸ਼ ਦਿੱਤਾ ਜਾਂਦਾ ਹੈ। ਉਸ ਦਾ ਜੀਵਨ,ਉਸਦੀਹਸਤੀ ਉਸਦੇਪ੍ਰਵਾਰਲਈ ਭਾਰੂ ਜੇਹੀ ਜਾਪਦੀ ਹੈ। ਉਹ ਚਾਹੁੰਦੇ ਹਨ ਕਿ ਏਹ ਜਿੰਨੀ ਜਲਦੀ ਮਰ ਜਾਇ ਚੰਗਾ ਹੈ ਤਾਕਿ ਉਸਦੇ ਹਿਸੇ ਦੀ ਵਿਰਾਸਤ ਉਹਨਾਂ ਦੇ ਕਬਜ਼ੇ ਵਿਚ ਆ ਜਾਇ। ਕਈ ਕਠੋਰ ਦਿਲ ਅਜੇਹੇ ਵੀ ਦੇਖੇ ਗਏ ਹਨ ਜੋ ਕਿਸੇ ਨਾਂ ਕਿਸੇ ਧੋਖੇ ਜਾਂ ਫਰੇਬ ਨਾਲ ਵਿਧਵਾ ਦੇ ਹੱਕ ਦੀ ਜੈਦਾਤ ਆਪਣੇ ਨਾਂ ਲਿਖਵਾਕੇ ਉਸਨੂੰ ਜ਼ਿੰਦਗੀ ਭਰ ਢਿਡ ਭਰਨ ਜੋਗੇ ਅੰਨ ਲਈ ਤਰਸਾਂਦੇ ਹਨ। ਇਸ ਦੁਖ ਦੀਆਂ ਮਾਰੀਆਂ ਕਈ ਵਿਧਵਾਵਾਂ ਧੂਰਤਾਂ ਦੇ ਜਾਲ ਵਿਚ ਫਸ ਕੇ ਕਈ ਤਰ੍ਹਾਂ ਦੇ ਭੈੜੇ ਕੰਮਾਂ ਦਾ ਸ਼ਿਕਾਰ ਹੋ ਜਾਂਦੀਆਂ ਹਨ। ਏਹਨਾਂ ਵਿਚੋਂ ਬਹੁਤੀਆਂ ਉਹੀ ਮਿਲਦੀਆਂ ਹਨ, ਜਿਨ੍ਹਾਂ ਨੂੰ ਰਿਸ਼ਤੇਦਾਰਾਂ ਨੇ ਰੋਟੀ ਖੁਣੋਂ ਵੀ ਸਦਾ ਤਰਸਾ ਕੇ ਰਖਿਆ। ਬੇਵਸ ਹੋਕੇ ਉਹਨਾਂ ਘਰ ਛਡਿਆ, ਬਾਹਰ ਆਕੇ ਉਹ ਜਿਸ ਦੇ ਕਾਬੂ ਚੜ੍ਹੀਆਂ ਓਥੇ ਹੀ ਰਹਿ ਗਈਆਂ।

ਵਿਧਵਾ ਨੂੰ ਅਪਣਾ ਜੀਵਨ ਬਿਤਾਣ ਲਈ ਕਈ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇ ਜੁਆਨੀ ਵਿਚ ਹੀ ਰੰਡੇਪਾ ਉਹਨਾਂ ਦੇ ਗਲ ਪੈ ਜਾਏ ਫਿਰ ਓਹ ਅਪਣੀ ਅਸਮਤ ਦੀ ਰਖਿਆ ਕਰਨ ਤੋਂ ਵੀ ਲਾਚਾਰ ਹੋ ਜਾਂਦੀਆਂ ਹਨ।

ਅਖਬਾਰਾਂ ਵਿਚ ਅਜੇਹੀਆਂ ਘਟਨਾਵਾਂ ਆਮ ਛਪਦੀਆਂ ਰਹਿੰਦੀਆਂ ਹਨ। ਮੈਨੂੰ ਯਾਦ ਹੈ, ਇਕ ਅਜੇਹੀ ਘਟਨਾ, ਜੇਹੜੀ ਮੇਰੀ ਅਖਾਂ ਸਾਹਮਣੇ ਘਟੀ ਸੀ। ਇਕ ਹਸ-ਮੁਖ, ਖੂਬ ਸੂਰਤ ਕੁੜੀ ਸਹੁਰੇ ਘਰ ਦਾ ਮੂੰਹ ਵੇਖਣ ਤੋਂ ਪਹਿਲਾਂ ਹੀ ਵਿਧਵਾ ਹੋ ਗਈ ਸੀ। ਗਰਮੀ ਦੇ ਦਿਨ ਸਨ। ਵਿਵਾਹ ਤੋਂ ਪਿਛੋਂ ਜੰਵ ਜਦ ਵਹੁਟੀ ਨੂੰ ਲੈਕੇ ਘਰ ਨੂੰ ਵਾਪਸ ਆ ਰਹੀ ਸੀ, ਤਾਂ ਰਸਤੇ ਵਿਚ ਮੁੰਡੇ ਨੂੰ ਹੈਜ਼ਾ ਹੋ ਗਿਆ ਅਤੇ ਉਹ ਉਥੇ ਹੀ ਮਰ ਗਿਆ। ਲੜਕੀ ਜੋ ਘੰਟਾ ਭਰ ਪਹਿਲਾਂ ਕਈ ਤਰਾਂ ਦੀਆਂ ਹਜ਼ਰਤਾਂ ਲਈ ਸੁਸਰਾਲ ਜਾ ਰਹੀ ਸੀ, ਮੁਸੀਬਤ ਦੀ ਚੱਕੀ ਵਿਚ ਪਿੱਸ ਗਈ। ਵਿਵਾਹ ਦਾ ਸੁਖ ਕੀ ਹੁੰਦਾ ਹੈ, ਇਹ ਤੇ ਉਹ ਨਾ ਜਾਣ ਸਕੀ ਪਰ ਉਹ ਵਿਧਵਾ ਬਣ ਗਈ। ਸਮਾਜ ਹੁਣ ਉਸ ਦੇ ਦੁਬਾਰਾ ਵਿਆਹ ਦੀ ਆਗਿਆ ਨਹੀਂ ਦੇਂਦਾ, ਜਿਸ ਲਈ ਓਹ ਅਪਣਾ ਸਾਰਾ ਜੀਵਨ ਦੁਖ ਵਿਚ ਹੀ ਬਿਤਾਂਦੀ ਹੈ, ਕੇਡਾ ਨਿਰਦਈਪੁਣਾ ਹੈ, ਕੇਡਾ ਅਤਿਆਚਾਰ ਹੈ।

ਵਿਧਵਾ ਕੁੜੀਆਂ ਦੇ ਦੁਬਾਰਾ ਵਿਆਹ ਦੀ ਸੁਖੈਨਤਾ ਨਾ ਹੋਣ ਕਰਕੇ ਆਏ ਦਿਨ ਅਖਬਾਰਾਂ ਵਿਚ ਬੱਚਿਆਂ ਦੀਆਂ ਮੌਤਾਂ ਦੇ ਹਾਲ ਛਪਦੇ ਰਹਿੰਦੇ ਹਨ। ਥੋੜੇ ਦਿਨ ਹੋਏ ਗੱਡੀ ਦੇ ਇਕ ਡੱਬੇ ਵਿਚੋਂ ਇਕ ਖੂਬਸੂਰਤ ਬਾਲਕ ਮਿਲਿਆ ਹੈ। ਜਦ ਡੱਬਾ ਸਾਫ਼ ਕਰਨ ਲਈ ਚੂਹੜਾ ਅੰਦਰ ਗਿਆ ਤਾਂ ਓਸ ਇਕ ਗੰਢ ਵੇਖੀ। ਉਸ ਨੂੰ ਚੁੱਕਣ ਤੋਂ ਵਿਚੋਂ ਇਕ ਬਚਾ ਮਿਲਿਆ, ਜਿਸ ਦੇ ਮੂੰਹ ਨੂੰ ਦੁਧ ਦੀ ਬੋਤਲ ਲਗੀ ਹੋਈ ਸੀ। ਕਿਸੇ ਵਿਧਵਾ ਨੇ ਸਮਾਜ ਦੇ ਡਰ ਨਾਲ ਅਜਿਹਾ ਕੀਤਾ ਹੋਵੇਗਾ। ਪਤਾ ਨਹੀਂ ਉਸ ਵੇਲੇ ਮਾਂ ਦੇ ਦਿਲ ਵਿਚ ਕੀ ਜੁਆਰ ਭਾਟੇ ਆਉਂਦੇ ਹੋਣਗੇ ਜੇ ਇਸਤਰਾਂ ਬਚਿਆਂ ਨੂੰ ਮਾਰਨ ਲਈ ਮਾਵਾਂ ਨੂੰ ਬੇਵਸ ਨਾ ਕੀਤਾ ਜਾਂਦਾ ਤਾਂ ਪਤਾ ਨਹੀਂ ਇਨ੍ਹਾਂ ਵਿਚੋਂ ਕਿੰਨੇ ਦੇਸ਼ ਭਗਤ ਆਗੂ ਨਿਕਲਦੇ।

ਇਹ ਕਿੰਨੇ [illegible] ਦੀ ਗੱਲ ਹੈ ਕਿ

ਵਿ[illegible]

ਰਫਤਾਰ ਨੂੰ ਵੇਖਦਿਆਂ ਹੋਇਆਂ ਵੀ ਸਾਡੇ ਦੇਸ ਵਿਚ ਵਿਧਵਾਵਾਂ ਦੀ ਗਿਣਤੀ ਵਧਦੀ ਹੀ ਜਾ ਰਹੀ ਹੈ। ਇਹ ਗਿਣਤੀ ਘਟੇ ਵੀ ਕਿਵੇਂ, ਜਦ ਕਿ ਇਸ ਨੂੰ ਘਟਾਣ ਦਾ ਕੋਈ ਉਪਾ ਹੀ ਨਹੀਂ ਕੀਤਾ ਜਾਂਦਾ। ਜੇ ਵਿਧਵਾ ਵਿਆਹ ਦੀ ਆਮ ਆਗਿਆ ਹੋ ਜਾਏ ਤਾਂ ਇਸ ਗਿਣਤੀ ਵਿਚ ਘਾਟਾ ਆ ਸਕਦਾ ਹੈ, ਪਰ ਸਾਡਾ ਭਾਈਚਾਰਾ ਇਹ ਬਰਦਾਸ਼ਤ ਨਹੀਂ ਕਰ ਸਕਦਾ। ਬੱਚਿਆਂ ਦੀਆਂ ਮੌਤਾਂ ਹੋਣ। ਯੁਵਤੀਆਂ ਸਮਾਜ ਨੂੰ ਛੱਡਕੇ ਵੇਸ਼ਵਾਆਂ ਬਣਨ ਲਈ ਮਜਬੂਰ ਹੋਣ, ਪਰ ਉਹ ਅਪਣਾ ਵਿਆਹ ਕਰਕੇ ਘਰ ਨਹੀਂ ਵਸਾ ਸਕਦੀਆਂ। ਰੰਡਿਆਂ ਦਾ ਵਿਆਹ ਇਕ ਨਹੀਂ ਅਨੇਕ ਹੋ ਸਕਦੇ ਹਨ, ਪਰ ਵਿਧਵਾਵਾਂ ਨੂੰ ਅਜੇਹਾ ਕਰਨ ਦਾ ਅਧਿਕਾਰ ਨਹੀਂ। ਪਤਾ ਨਹੀਂ ਏਹ ਕਿਥੋਂ ਦਾ ਇਨਸਾਫ ਹੈ।

ਕੁਝ ਦੋਸ਼ ਇਸ ਵਿਚ ਵਿਧਵਾਵਾਂ ਦਾ ਵੀ ਹੈ। ਜੇ ਉਹ ਕੁਝ ਹਿੰਮਤ ਕਰਨ ਤਾਂ ਬਹੁਤ ਸਾਰੀ ਹਾਲਤ ਸੁਧਰ ਸਕਦੀ ਹੈ। ਪਰ ਉਹ ਲਾਜ ਦੀਆਂ ਮਾਰੀਆਂ ਸਾਰੀ ਉਮਰ ਦੇ ਦੁਖਾਂ ਨਾਲ ਘੁਲ ਘੁਲ ਕੇ ਮੁਕਾਬਲਾ ਕਰਦੀਆਂ ਹਨ ਪਰ ਸਮਾਜ ਦੇ ਇਸ ਭੈੜੇ ਰਿਵਾਜ ਦੇ ਖ਼ਿਲਾਫ ਇਕ ਸ਼ਬਦ ਨਹੀਂ ਆਖਦੀਆਂ ਅਤੇ ਨਾ ਹੀ ਕੋਈ ਚੂੰ-ਚਰਾਂ ਕਰਦੀਆਂ ਹਨ।

ਹੁਣੇ ਜੇਹੇ ਯੂ. ਪੀ. ਦੇ ਇਕ ਪਿੰਡ ਵਿਚ ਇਕ ਵਿਧਵਾ ਨੇ ਅਪਣੇ ਘਰ ਵਾਲਿਆਂ ਨੂੰ ਸਾਫ ਸਾਫ਼ ਆਖ ਦਿਤਾ ਕਿ ਉਹ ਆਪਣਾ ਵਿਆਹ ਕਰਾਣਾ ਚਾਹੁੰਦੀ ਹੈ। ਜੇ ਘਰ ਵਾਲੇ ਕੋਈ ਪ੍ਰਬੰਧ ਨਹੀਂ ਕਰਨਗੇ ਤਾਂ ਮਜਬੂਰਨ ਉਸ ਨੂੰ ਕੋਈ ਕਾਰਵਾਈ ਕਰਨੀ ਪਵੇਗੀ। ਪਹਿਲਾਂ ਤਾਂ ਕੁੜੀ ਦੇ ਘਰ ਵਾਲੇ ਬਹੁਤ ਵਿਗੜੇ ਪਰ ਪਿਛੋਂ ਉਹਨਾਂ ਨੂੰ ਕੁੜੀ ਦੀ ਗੱਲ ਮੰਨਣੀ ਹੀ ਪਈ। ਇਸਤਰਾਂ ਜੇ ਹੋਰ ਕੁੜੀਆਂ ਵੀ ਕੁਝ ਹਿੰਮਤ ਕਰਨ ਤਾਂ ਉਹ ਆਪਣੀਆਂ ਹੋਰ ਵਿਧਵਾ ਭੈਣਾਂ ਲਈ ਇਕ ਉਚ ਆਦਰਸ਼ ਕਾਇਮ ਕਰ ਸਕਦੀਆਂ ਹਨ।

ਇਸ ਦੇਸ ਵਿਚ ਅਨੇਕਾਂ ਬੰਦੇ ਅਜੇਹੇ ਹਨ ਜਿੰਨ੍ਹਾਂ ਕੋਲ ਧਨ ਹੈ ਪਰ ਉਹ ਵਿਵਾਹਿਤ ਸੁਖ ਤੋਂ ਵਾਂਝੇ ਹਨ। ਏਧਰ ਵਿਧਵਾਵਾਂ ਦੀ ਬੇਕਾਰ ਗਿਣਤੀ ਸਗੋਂ ਵਧਦੀ ਜਾ ਰਹੀ ਹੈ। ਸਨ ੧੯੩੧ ਦੀ ਮਰਦਮ ਸ਼ੁਮਾਰੀ ਦੀ ਰਿਪੋਟ ਵਿਚ ਵਿਧਵਾਵਾਂ ਦੀ ਗਿਣਤੀ ਇਉਂ ਸੀ-

ਉਮਰ	ਵਿਧਵਾਵਾਂ ਦੀ ਗਿਣਤੀ
–੧	੧੫੧੫
੧–੨	੧੭੮੫
੨–੩	੩੪੮੫
੩–੪	੯੦੭੬
੪–੫	੧੫੦੧੯
੬–੧੦	੧੦੫੪੪੧
੧੧–੧੪	੧੯੩੯੯੮
੧੫–੨੦	੫੧੯੩੯੪
੩੦ ਦੇ ਉਪਰ	੯੪੯੬੯੫੫

ਇਨ੍ਹਾਂ ਅੰਕਾਂ ਨੂੰ ਵੇਖਕੇ ਕਿਸ ਦਾ ਦਿਲ ਦੁਖੀ ਨਹੀਂ ਹੋਜਾਇਗਾ। ਜਿਸ ਦੇਸ, ਜਿਸ ਸਮਾਜ ਵਿਚ ਇਕ ਸਾਲ ਦੀਆਂ ਅਬੋਧ ਕੁੜੀਆਂ ਵੀ ਵਿਧਵਾ ਹੋਣ ਉਸ ਦੇਸ ਅਰ ਸਮਾਜ ਦਾ ਕਦੀ ਨਸੀਬ ਜਾਗ ਸਕਦਾ ਹੈ? ਉਹ ਕਦੀ ਫਲ ਫੁਲ ਨਹੀਂ ਸਕਦਾ। ਉਸ ਵਿਚ ਨਾ ਹੀ ਪੂਰੇ ਤੌਰ ਤੇ ਸਦਾਚਾਰ ਦੀ ਉੱਚਤਾ ਦਾ ਨਿਵਾਸ ਹੀ ਹੋ ਸਕਦਾ ਹੈ।

ਹਸਣਾਂ ਤੇ ਖਿੜਨਾਂ

(ਵਲੋਂ--ਸੰਤ ਹਰੀ ਸਿੰਘ ਜੀ ਵੜਾਣੇ)

ਹਸਣਾਂ ਖਿੜਨਾਂ ਨਿਆਮਤ ਸੋਹਣੀ, ਹਸੀਏ ਤਾਂ ਦਿਲ ਖਿੜਦੇ।
ਹਰ ਇਕ ਵੇਖਕੇ ਰਾਜ਼ੀ ਹੁੰਦਾ, ਵੈਰੀ ਮਿਤ੍ਰ ਬਣ ਮਿਲਦੇ।
ਮੱਥੇ ਤਿਊੜੀ, ਕੌੜਾ ਬੋਲਨ, ਓਹ ਖੋਟੇ ਹੁੰਦੇ ਦਿਲ ਦੇ।
ਮੂੰਹ ਜਿਨ੍ਹਾਂ ਦੇ ਹਸਦੇ ਰਹਿੰਦੇ, ਹਰ ਕੋਈ ਔਂਦਾ ਗਿਰਦੇ।
ਦਵੈਤ, ਈਰਖਾ, ਨਿੰਦਾ ਚੁਗਲੀ, ਛਡੋ, ਇਹ ਦਰਕਾਰ ਨਾਹੀਂ।
ਪਜਾਰ ਕਰੋ, ਮੁਹੱਬਤ ਪਾਵੋ, ਜਮਾਂ ਦੀ ਹੁੰਦੀ ਮਾਰ ਨਾਹੀਂ।

ਰੁਬਾਈ— ("ਸ਼ਹਿਰਾਈ" ਜੀ ਬੀ. ਏ.)

ਯਾਦ ਕਿਸੇ ਦੀ ਅੱਖੀਆਂ ਥਾਣੀ, ਛਮ-ਛਮ ਵਗਦੀ ਜਾਂਦੀ।
ਟੁੱਟ ਗਈ ਖ਼ਾਬ ਚਰੋਕੀ ਮੈਂ ਜੋ, ਬਰਸਾਂ ਰਹੀ ਬਣਾਂਦੀ।
ਲਾਏਗੀ ਹੁਣ ਆਸ ਪੁਰਾਣੀ, ਹੋਰ ਕਦੋਂ ਤਕ ਲਾਰੇ,
ਵਿਛੜੇ ਜੀਵਨ ਨਾਲੋਂ ਸ਼ਾਲਾ! ਅਨਵਿਛੜੀ ਮਰ ਜਾਂਦੀ।

Sri Satguru Jagjit Singh Ji eLibrary NamdhariElibrary@gmail.com

ਸੈਂਟਰਲ ਅਸੰਬਲੀ ਦਾ ਇਜਲਾਸ

ਆਮ ਅਖਬਾਰਾਂ ਵਿਚ ਇਹ ਖਬਰ ਪ੍ਰਕਾਸ਼ਤ ਹੋ ਚੁਕੀ ਹੈ ਕਿ ਕੇਂਦਰੀ ਅਸੰਬਲੀ ਦਾ ਫ਼ਾਇਨੈਂਸ ਬਿਲ ਕਾਂਗਰਸ ਪਾਰਟੀ ਦੀ ਕਾਮਯਾਬ ਵਿਰੋਧਤਾ ਸਦਕੇ ਗਿਰ ਗਿਆ ਹੈ।

ਅਸੈਂਬਲੀ ਵਿਚ ਇਸ ਰਸਾਕਸ਼ੀ ਦਾ ਨਤੀਜਾ ਵੇਖਣ ਵਾਲਿਆਂ ਤੇ ਮੈਂਬਰਾਂ ਦੀ ਪੂਰੀ ਹਾਜ਼ਰੀ ਸੀ। ਅਸੈਂਬਲੀ ਦੇ ੧੩੦ ਮੈਂਬਰ ਸਣੇ ਪ੍ਰਧਾਨ ਹਾਜ਼ਰ ਸਨ। ਤਿੰਨ ਮੈਂਬਰ ਜੇਹਲਾਂ ਵਿਚ ਹਨ। ਏਨੀਂ ਹਾਜ਼ਰੀ ਪਹਿਲਾਂ ਸ਼ਾਇਦ ਹੀ ਕਦੀ ਹੋਈ ਹੋਵੇਗੀ।

ਦੋਹਾਂ ਧਿਰਾਂ ਦੇ ਪਾਰਟੀ ਵਿਪ ਬੜੀ ਸਰਗਰਮੀ ਵਿਖਾ ਰਹੇ ਸਨ। ਵਿਪਾਂ ਨੂੰ ਸਭ ਤੋਂ ਵਧ ਤਕਲੀਫ ਸ੍ਰ: ਸੰਤ ਸਿੰਘ ਸਕੱਤ੍ਰ ਕਾਂਗ੍ਰਸ ਨੈਸ਼ਨਲਿਸਟ ਨੇ ਦਿਤੀ, ਜੋ ਅਖੀਰ ਤਕ ਇਹੋ ਹੀ ਕਹਿੰਦੇ ਰਹੇ ਕਿ ਓਹ ਕਿਸੇ ਨੂੰ ਸੇ ਵੋਟ ਨਹੀਂ ਦੇਣਗੇ। ਲੇਕਿਨ ਐਨ ਅਖੀਰ ਸਮੇਂ ਆਪ ਕਾਂਗਰਸ ਪਾਰਟੀ ਦੇ ਨਾਲ ਸ਼ਾਮਲ ਹੋ ਗਏ। ਭਾਈ ਪ੍ਰਮਾਨੰਦ ਨੇ ਨਿਰਪੱਖ ਰਹਿਣ ਦਾ ਫੈਸਲਾ ਕੀਤਾ ਹੋਇਆ ਆਪ ਵੋਟਾਂ ਪੈਣ ਤੋਂ ਪਹਿਲਾਂ ਹੀ ਹਾਊਸ ਵਿਚੋਂ ਚਲੇ ਗਏ ਸਨ। ਬਾਬੂ ਬੈਜ-ਨਾਥ ਬਜੌਰੀਆ ਗ਼ੈਰ ਹਾਜਰ ਸਨ।

ਪਤਾ ਲਗਾ ਹੈ ਇਹ ਬਿੱਲ ਸਰਟੀ-ਫਾਈ ਹੋਕੇ ਅਜ ਦੁਪਹਿਰ ਪਿਛੋਂ ਫਿਰ ਅਸੈਂ-ਬਲੀ ਦੇ ਪੇਸ਼ ਹੋਵੇਗਾ। ਕਿਸੇ ਵੀ ਹਾਲਤ ਵਿਚ ਕੇਂਦਰੀ ਅਸੈਂਬਲੀ ਦੀ ਕਾਂਗਰਸ ਪਾਰਟੀ ਜਦ ਤਕ ਬਿਲ ਮੁੜਕੇ ਪੇਸ਼ ਨਹੀਂ ਹੁੰਦਾ, ਦਿਲੀ ਵਿਚ ਹੀ ਰਹੇਗੀ।

ਮਿ: ਡੀਸਾਈ ਦਾ ਭਾਸ਼ਨ—

ਮਿ: ਭੂਲਾ ਭਾਈ ਡੀਸਾਈ ਨੇ ਅਪਣੇ ਭਾਸ਼ਨ ਵਿਚ ਕਿਹਾ ਕਿ— "ਅਸੀਂ ਆਪਣੀ ਸ਼ਾਮੀ ਨੂੰ ਬਹਾਲ ਰਖਣ ਲਈ ਜਾਂ ਹੋਰ ਕਿਸੇ ਐਸੇ ਕੰਮ ਲਈ ਬਰਤਾਨੀਆਂ ਦੇ ਤਿਆਰ ਹੋਕੇ ਨਹੀਂ ਲੜਾਂਗੇ। ਚਾਹੇ ਇਹ ਬਿਲ ਪੇਸ਼ ਕਰਨ ਵਾਲਿਆਂ ਦਾ ਖਿਆਲ ਕੁਝ ਵੀ ਹੋਵੇ ਉਹਨਾਂ ਨੇ ਸਖਤ ਭੁਲ ਕੀਤੀ ਹੈ ਜਿਹਨਾਂ ਦਾ ਇਹ ਦਾਅਵਾ ਸੀ ਕਿ ਹਿੰਦੁਸਤਾਨ ਆਪਣੀ ਮਰਜ਼ੀ ਨਾਲ ਜੰਗ ਵਿਚ ਸ਼ਾਮਲ ਹੋ ਰਿਹਾ ਹੈ ਆਪਣੇ ਇਸ ਦਾਅਵੇ ਨੂੰ ਕਾਇਮ ਰਖਣ ਲਈ ਉਹਨਾਂ ਨੂੰ ਨਹੀਂ ਚਾਹੀਦਾ ਸੀ ਕਿ ਸਿਰਫ ਦੋ ਕਰੋੜ ਰੁਪਏ ਦੀ ਖਾਤ੍ਰ ਉਹ ਇਸ ਬਿੱਲ ਨੂੰ ਪੇਸ਼ ਕਰਦੇ। ਜਦ ਤਕ ਉਕਤ ਦਾਅਵਾ ਕਰਨ ਵਾਲੇ ਹੀ ਬੋਲਦੇ ਸਨ ਉਹ ਦੁਨੀਆਂ ਨੂੰ ਦਸ ਸਕਦੇ ਸਨ ਓਹ ਹਿੰਦੁਸਤਾਨ ਜੰਗ ਵਿਚ ਉਹਨਾਂ ਦੇ ਨਾਲ ਹੈ। ਪਰ ਜਦ ਦੂਜਿਆਂ ਨੂੰ ਬੋਲਨ ਦਾ ਮੌਕਾ ਦਿਤਾ ਗਿਆ ਤਾਂ ਜ਼ਰੂਰੀ ਸੀ ਕਿ ਹੋਰ ਕੁਝ ਸੁਣਿਆਂ ਜਾਂਦਾ। ਇਹ ਕਹਿਣਾ ਕਿ ਇਹ ਦੋ ਕਰੋੜ ਦੀ ਰਕਮ ਜੰਗ ਲਈ ਖਰਚ ਕੀਤੀ ਜਾਵੇਗੀ ਜੋ ਪਹਿਲਾਂ ਖਰਚ ਕੀਤੇ ਜਾ ਰਹੇ ੧੪ ਕਰੋੜ ਵਿਚ ਵਾਧਾ ਹੋਵੇਗਾ ਸਿਰਫ ਪ੍ਰਾਪੇਗੰਡਾ ਸੀ ਕਿ ਦੁਨੀਆਂ ਨੂੰ ਇਹ ਦਸਿਆ ਜਾਵੇ ਕਿ ਹਿੰਦੁਸਤਾਨ ਜੰਗ ਵਿਚ ਬਰਤਾਨੀਆਂ ਦੇ ਨਾਲ ਹੈ। ਮੰਨਿਆ ਕਿ ਤੁਹਾਡੇ ਪਾਸ ਅਧਿਕਾਰ ਹਨ, ਪਰ ਇਹ ਕੋਈ ਗੱਲ ਨਹੀਂ ਹੈ ਕਿਉਂ ਕਿ ਆਪ ਇਸ ਨੂੰ ਉਸ ਵੇਲੇ ਹੀ ਵਰਤੋਗੇ ਜਿਸ ਵੇਲੇ ਹਾਰ ਖਾ ਚੁਕੋਗੇ। ਅਸੀਂ ਇਸ ਦੇਸ਼ ਦੀ ਹਕੂਮਤ ਵਿਚ ਭਾਈਵਾਲ ਨਹੀਂ ਹੋ ਸਕਦੇ, ਜਿਵੇਂ ਕਿ ਵਾਇਸਰਾਇ ਦੇ ਉਚੇਚੇ ਅਧਿਕਾਰਾਂ ਤੋਂ ਬਿਨਾਂ ਹੋਰ ਕੋਈ ਕਾਨੂੰਨ ਹੀ ਨਹੀਂ ਹੁੰਦਾ। ਜੇਕਰ ਹਾਊਸ ਦੀ ਵੋਟ ਸਿਰਫ ਠੱਠਾ ਹੀ ਹੈ ਤਦ ਅਸੀਂ ਮਹਿਸੂਸ ਕੀਤਾ ਕਿ ਸਾਡੇ ਇਥੇ ਰਹਿਣ ਦੀ ਲੋੜ ਨਹੀਂ ਹੈ। ਜੇਕਰ ਅਸੀਂ ਵਾਪਸ ਆਏ ਹਾਂ ਤਾਂ ਇਸ ਲਈ ਕਿ ਜਿਹਨਾਂ ਦੀ ਅਸੀਂ ਪ੍ਰਤੀਨਿਧਤਾ ਕਰਦੇ ਹਾਂ ਉਹਨਾਂ ਦਾ ਨੁਕਤਾ-ਖਿਆਲ ਸਹੀ ਤੌਰ ਪੁਰ ਪ੍ਰਗਟ ਕਰ ਦਿਤਾ ਜਾਏ। ਅਸੀਂ ਵਰਕਿੰਗ ਕਮੇਟੀ ਦੇ ਉਸ ਮਤੇ ਪਰ ਕਾਇਮ ਹਾਂ ਜੋ ਜੰਗ ਸ਼ੁਰੂ ਹੋਣ ਤੋਂ ਬਾਦ ਪਾਸ ਕੀਤਾ ਗਿਆ ਸੀ ਕਿ ਜੇਕਰ ਇਹ ਜੰਗ ਸਾਮਰਾਜ ਵਾਦੀ ਸਲਤਨਤ ਨੂੰ ਹੀ ਕਾਇਮ ਰਖਣ ਲਈ ਲੜੀ ਜਾ ਰਹੀ ਹੈ ਤਦ ਅਸੀਂ ਇਸਦੇ ਭਾਈ-ਵਾਲ ਨਹੀਂ ਹੋ ਸਕਦੇ। ਜੇਕਰ ਇਸਦਾ ਆਦਰਸ਼ ਪੰਚਾਇਤੀ ਰਾਜ ਤੇ ਇਸ ਬਿਨਾ ਪਰ ਦੁਨੀਆਂ ਦਾ ਨਿਜਾਮ ਹੈ ਤਾਂ ਹਿੰਦੁਸਤਾਨ ਇਸ ਵਿਚ ਭਾਰੀ ਦਿਲਚਸਪੀ ਲਵੇਗਾ। ਜੇਕਰ ਬਰਤਾਨੀਆਂ ਇਸੇ ਆਸ਼ੇ ਲਈ ਲੜ ਰਿਹਾ ਹੈ ਤਾਂ ਉਸਨੂੰ ਆਪਣੀਆਂ ਬਸ-ਤੀਆਂ ਵਿਚੋਂ ਸਮਰਾਜਵਾਦ ਉੜਾਕੇ ਹਿੰਦੁਸ-ਤਾਨ ਨੂੰ ਅਜ਼ਾਦ ਕਰ ਦੇਣਾਂ ਚਾਹੀਦਾ ਹੈ। ਕੋਈ ਵੀ ਦਲੀਲ ਇਸ ਸਚਿਆਈ ਨੂੰ ਨਹੀਂ ਬਦਲ ਸਕਦੀ ਕਿ ਹਿੰਦੁਸਤਾਨ ਦੇ ਗਲ ਇਹ ਜੰਗ ਮਲੋ-ਮਲੀ ਪਾਈ ਗਈ ਹੈ। ਜੇਕਰ ਇਹ ਜੰਗ ਇਸੇ ਲਈ ਲੜੀ ਜਾ ਰਹੀ ਹੈ ਕਿ ਹਿੰਦੁਸਤਾਨ ਨੂੰ ਬਰਤਾਨੀਆਂ ਆਪਣੀ ਜਾਇਦਾਦ ਸਮਝਕੇ ਬਚਾਏ ਤਾਂ ਯੂਰਪੀਨ ਮੈਂਬਰ ਵੀ ਨਹੀਂ ਕਹਿ ਸਕਦਾ ਕਿ:— "ਇਹ ਜੰਗ ਤੁਹਾਡੀ ਆਪਣੀ ਹੈ ਤੇ ਲੜੋ। ਜਦ ਤਕ ਇਸਨੂੰ ਹਿੰਦੁਸਤਾਨ ਦੀ ਜੰਗ ਨਹੀਂ ਬਣਾਇਆ ਜਾਂਦਾ ਤੁਹਾਨੂੰ ਕੋਈ ਮਦਦ ਇਸ ਲਈ ਨਹੀਂ ਮਿਲਣੀ।"

ਸਾਨੂੰ ਕਿਹਾ ਜਾਂਦਾ ਹੈ ਕਿ ਪਿਛਲੀਆਂ ਬੁਰਿਆਈਆਂ ਭੁਲ ਜਾਵੋ ਤੇ ਸੌਦੇ ਬਾਜ਼ੀ ਨਾ ਕਰੋ। ਬਰਤਾਨੀਆਂ ਦੇ ਹਿੰਦੁਸਤਾਨ ਵਿਚ ਪ੍ਰਤੀਨਿਧਾਂ ਲਈ ਇਹ ਕਹਿਣਾ ਨਹੀਂ ਬਣਦਾ ਕਿ ਅਧਿਕਾਰ ਅਸੀ ਆਪਣੇ ਹੀ ਹਥਾਂ ਵਿਚ ਰਖਾਂਗੇ ਤੇ ਤੁਸੀਂ ਸਾਡੇ ਹਥਿਆਰ ਬਣਕੇ ਲੜੋ। ਹਾਊਸ ਦੇ ਲੀਡਰ ਨੇ ਬੜੀ ਸਿਆਣਪ ਭਰੀ ਤਕਰੀਰ ਪੜੀ ਹੈ ਜਿਸਦਾ ਸਾਰ ਇਹ ਹੈ ਕਿ:— "ਮੈਂ ਤੁਹਾਡੇ ਨਾਲ ਹਰ ਗੱਲ ਵਿਚ ਸਹਿਮਤ ਹਾਂ, ਪਰ ਏਥੋਂ ਤਕ ਸਹਿਮਤ ਹੋਣ ਪਿਛੋਂ ਮੈਂ ਕਹਿੰਦਾ ਹਾਂ ਕਿ ਤੁਸੀਂ ਜੋ ਕੁਝ ਮੰਗਦੇ ਹੋ ਓਹ ਨਾਂ ਮੰਗਣ ਲਈ ਰਾਜ਼ੀ ਹੋ ਜਾਵੋ।" ਇਹ ਪੁਛਿਆ ਜਾਂਦਾ ਹੈ ਕਿ ਜੇਕਰ ਹਾਰ ਗਏ ਤਾਂ ਕੀ ਹੋਵੇਗਾ? ਇਹ ਸਵਾਲ ਆਪ ਹੀ ਜਵਾਬ ਦਿੰਦਾ ਹੈ। ਜੇਕਰ ਤੁਸੀਂ ਹਾਰ ਗਏ ਤਾਂ ਤੁਸੀਂ ਹਾਰ ਗਏ। ਮੈਂ ਤਾਂ ਹਾਰਿਆ ਹੋਇਆ ਹਾਂ ਹੀ। ਖੁਦਾ ਸਾਡੇ ਦੋਹਾਂ ਪਰ ਕ੍ਰਿਪਾ ਕਰੇਗਾ। ਜਿਸ ਵੇਲੇ ਬਰਤਾਨੀਆ ਨੂੰ ਠੀਕ ਲਗਿਆ ਓਹ ਮਯੂਨਿਚ ਗਿਆ। ਜਿਸ ਵੇਲੇ ਠੀਕ ਜਚਿਆ ਉਹ ਲੜ ਪਿਆ। ਜਿਸ ਵੇਲੇ ਠੀਕ ਲੱਗੇ ਸੁਲਹ ਕਰ ਲਏਗਾ। ਅਸੀਂ ਕਿਸੇ ਵੀ ਅਜਿਹੇ ਬਿਲ ਦੀ ਹਮੈਤ ਨਹੀਂ ਕਰ ਸਕਦੇ।

ਮਿ: ਐਨੇ ਤੇ ਮਿ: ਜਿਨਾਹ ਨੇ ਵੀ ਬਿਲ ਦੇ ਵਿਰੁਧ ਤਕਰੀਰਾਂ ਕੀਤੀਆਂ।

ਤੁਰਕੀ ਵਿਚ ਮਾਰਸ਼ਲ--ਲਾ ਜਾਰੀ ਹੋ ਗਿਆ !

ਇਟਲੀ ਵਾਲਿਆਂ ਨੂੰ ਜਬਰਦਸਤ ਹਾਰ

ਅੰਕਰਾ, ੨੩ ਨਵੰਬਰ-ਕਲ ਤੁਰਕੀ ਦੇ ਵਜ਼ੀਰ ਮੰਡਲੀ ਦੇ ਤ੍ਰਿੰਨ ਜ਼ਰੂਰੀ ਇਜਲਾਸ ਹੋਏ। ਰਾਖੀ ਅਤੇ ਹਰ ਕਿਸਮ ਦੀ ਹਾਲਤ ਦਾ ਮੁਕਾਬਲਾ ਕਰਨ ਦੇ ਖਿਆਲ ਨਾਲ ਟਰਕੀ ਦੇ ਯੂਰਪ ਵਲ ਦੇ ਹਿੱਸੇ ਵਿਚ ਇਕ ਮਹੀਨੇ ਲਈ ਮਾਰਸ਼ਲ-ਲਾ ਜਾਰੀ ਕਰ ਦਿਤਾ ਗਿਆ ਹੈ। ਇਸਤੰਬੋਲ ਤੇ ਦਰੱਰਾ ਦਾਨਿਆਲ ਵਿਖੇ ਭੀ ਮਾਰਸ਼ਲਾ-ਲਾ ਲਗਾ ਗਿਆ ਹੈ।

ਲੰਡਨ--੨੩ ਨਵੰਬਰ-ਯੂਨਾਨ ਤੋਂ ਲੜਾਈ ਦੀਆਂ ਆਈਆਂ ਦਸਦੀਆਂ ਹਨ ਕਿ ਯੂਨਾਨੀ ਫੌਜਾਂ ਬੜੀ ਤੇਜੀ ਨਾਲ ਹਰ ਮੋਰਚੇ ਵਿਚ ਵਧ ਰਹੀਆਂ ਹਨ।

ਕੋਰੀਟਜ਼ਾ ਪਰ ਕਬਜ਼ੇ ਪਿਛੋਂ ਯੂਨਾਨੀ ਫੌਜਾਂ ਨੇ ਉਤਰ ਵਲ ਵੀਹ ਮੀਲ ਪਰ ਇਕ ਸ਼ਹਿਰ ਪਰ ਭੀ ਕਬਜ਼ਾ ਕਰ ਲਿਆ ਹੈ। ਸ਼ਹਿਰ ਪੂਰਾ ਤੋਟ ਪਰ ਜਬਰ ਦਸਤ ਹਮਲਾ ਕਰ ਦਿਤਾ ਹੈ। ਅੰਗ੍ਰੇਜ਼ੀ ਤੇ ਯੂਨਾਨੀ ਹਵਾਈ ਜਹਾਜ਼ਾਂ ਨੇ ਇਤਾਲਵੀ ਫੌਜਾਂ ਪਰ ਬੰਬਾਂ ਦੀ ਬਰਖਾ ਕੀਤੀ।

ਪਿੰਡਸ ਦੇ ਇਲਾਕੇ ਵਿਚ ਯੂਨਾਨੀ ਫੌਜਾਂ ਨੇ ਇਤਾਲਵੀਆਂ ਪਾਸੋਂ ਆਪਣਾ ਸ਼ਹਿਰ ਖੋਹ ਲਿਆ ਹੈ। ਅਤੇ ਅਗੇ ਵਧ ਰਹੀਆਂ ਹਨ। ਐਪੀਰਸ ਦੇ ਇਲਾਕੇ ਵਿਚ ਯੂਨਾਨੀ ਫੌਜਾਂ ਅਲਬਾਨੀਆ ਦੀਆਂ ਸਟ-ਹਦਾਂ ਵਿਚ ਪੰਜ ਮੀਲ ਅਗੇ ਵਧ ਗਈਆਂ ਹਨ।

ਇਤਾਲਵੀ ਫੌਜਾਂ ਪਿਛੇ ਹਟਦੀਆਂ ਹੋਈਆਂ ਕਈ ਪਿੰਡਾਂ ਨੂੰ ਸਾੜ ਰਹੀਆਂ ਹਨ। ਅਨੇਕਾਂ ਅਲਬਾਨਵੀ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਹੈ। ਕੋਰੀਟਜ਼ਾ ਵਿਖੇ ਇਤਾ-ਲਵੀਆਂ ਦਾ ਬਹੁਤ ਸਾਰਾ ਜੰਗੀ ਸਮਾਨ ਖੁਰਾਕ ਦੇ ਗੁਦਾਮ ਆਦਿ ਭੀ ਯੂਨਾਨੀਆਂ ਦੇ ਹਥ ਆਇਆ।

ਜਨਰਲ ਮੈਟਾਕਸਸ ਨੇ ਇਕ ਐਲਾਨ ਵਿਚ ਪ੍ਰਗਟ ਕੀਤਾ ਕਿ ਜਿਥੇ ਅਸੀ ਆਪਣੀ ਅਜ਼ਾਦੀ ਦੀ ਰਖਿਆ ਲਈ ਲੜ ਰਹੇ [illegible] ਯੂਨਾਨੀਆਂ ਤੇ ਬਾਕੀ [illegible] ਰਹੇ ਹਾਂ। ਬਰਤਾਨੀਆਂ ਨੇ ਸਮੇਂ ਸਿਰ ਜੋ ਸਹੈਤਾ ਸਾਨੂੰ ਦਿਤੀ ਹੈ ਉਸ ਲਈ ਅਸੀਂ ਬੜੇ ਧੰਨ-ਵਾਦੀ ਹਾਂ।

ਏਥਨਜ਼ ਦੇ ਅੰਗ੍ਰੇਜ਼ ਏਲਚੀ ਨੇ ਜਨ-ਰਲ ਮੈਟਾਕਸਸ ਨੂੰ ਬਰਤਾਨੀਆ ਵਲੋਂ ਕੋਰੀਟਜ਼ਾ ਦੀ ਫਤਹ ਦੀ ਵਧਾਈ ਭੇਜੀ ਤੇ ਆਸ ਪ੍ਰਗਟ ਕੀਤੀ ਕਿ ਯੂਨਾਨ ਤੇ ਬਰ-ਤਾਨੀਆ ਰਲਕੇ ਆਖਰ ਫਤਹ ਪ੍ਰਾਪਤ ਕਰਕੇ ਰਹਿਣਗੇ।

ਪੰਡਿਤ ਨਹਿਰੂ ਦੀ ਗ੍ਰਿਫਤਾਰੀ ਬਾਰੇ ਬਿਆਨ

ਨਵੀਂ ਦਿੱਲੀ--੨੨ ਨਵੰਬਰ--ਅਜ ਕੇਂਦਰੀ ਅਸੈਂਬਲੀ ਦੇ ਇਜਲਾਸ ਵਿਚ ਇਕ ਸਵਾਲ ਦੇ ਜਵਾਬ ਵਿਚ ਦਸਿਆ ਗਿਆ ਕਿ ਪੰਡਤ ਜਵਾਹਰ ਲਾਲ ਦੀ ਗ੍ਰਿਫਤਾਰੀ ਤੋਂ ਪਹਿਲਾਂ ਯੂ. ਪੀ. ਹਕੂਮਤ ਨੇ ਗਵਰਨਰ ਜਨਰਲ ਤੋਂ ਪ੍ਰਵਾਨਗੀ ਲੈ ਲਈ ਸੀ।

ਤਿੰਨ ਅਫਸਰਾਂ ਦਾ ਭਜੱਣ ਦਾ ਯਤਨ

ਲੰਡਨ--੨੨ ਨਵੰਬਰ-- ਜਰਮਨ ਨਿਊਜ਼ ਏਜੰਸੀ ਦਾ ਬਿਆਨ ਹੈ ਕਿ ਰੁਮਾਨੀਆਂ ਦੇ ਸਾਬਕ ਸ਼ਾਹ ਕਰੋਲ ਦੇ ਹਾਮੀ ਤਿੰਨ ਅਫ-ਸਰਾਂ ਨੇ ਰੁਮਾਨੀਆਂ ਤੋਂ ਭਜੱਨ ਦਾ ਕਾਮਯਾਬ ਯਤਨ ਕੀਤਾ। ਇਨ੍ਹਾਂ ਵਿਚ ਇਕ ਪੁਲੀਸ ਦਾ ਵਡਾ ਅਫਸਰ ਸੀ, ਪਰ ਇਸ ਯਤਨ ਵਿਚ ਇਕ ਤਾਂ ਬਚਕੇ ਚਲਾ ਗਿਆ, ਦੂਜੇ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਗਿਆ। ਤੀਜਾ ਗ੍ਰਿਫਤਾਰ ਕਰ ਲਿਆ ਗਿਆ।

ਮਿਡਲੈਂਡ ਦੇ ਇਲਾਕੇ ਪਰ ਬਾਰਾਂ ਘੰਟੇ ਬੰਬ ਬਾਰੀ ਕੀਤੀ ਗਈ।

ਲੰਡਨ, ੨੩ ਨਵੰਬਰ ਸਰਕਾਰੀ ਤੌਰ ਪਰ ਐਲਾਨ ਕੀਤਾ ਗਿਆ ਹੈ, ਕਿ ਅਜ ਇਟਲੀ ਦੇ ਸੱਤ ਤੇ ਜਰਮਨੀ ਦਾ ਇਕ ਬੰਬ ਬਾਰ ਜਹਾਜ਼ ਡੋਵਰ ਦੇ ਇਲਾਕੇ ਪਰ ਲੜਾਈ ਵਿਚ ਤਬਾਹ ਕੀਤੇ ਗਏ। ਦਰਯਾ ਟੇਮਜ਼ ਦੇ ਦਹਾਨੇ ਪਰ ਭੀ ਲੜਾਈ ਹੋਈ। ਲੰਡਨ ਵਲ ਵਧਨ ਵਾਲੇ ਜਹਾਜ਼ਾਂ ਨੂੰ ਰੋਕਣ ਲਈ ਅੰਗ੍ਰੇਜ਼ੀ ਤੋਪਾਂ ਨੇ ਅਗੱ ਦੀ ਕੰਧ ਬਣਾ ਦਿਤੀ। [illegible] ਲੜਾਈ ਵਿਚ ਇਟਲੀ ਦੇ ਜਹਾਜ਼ਾਂ ਦੀ ਜ਼ਬਰ-ਦਸਤ ਤਬਾਹੀ ਹੋਈ। ਜਰਮਨ ਜਹਾਜ਼ ਭਾਵੇਂ ਬਹੁਤ ਉੱਚੇ ਉੱਡ ਰਹੇ ਸਨ ਪਰ ਉਨ੍ਹਾਂ ਨੂੰ ਪਰੇ ਧਕੇਲ ਦਿਤਾ ਗਿਆ।

ਮਹਾਤਮਾਂ ਗਾਂਧੀ ਜੀ ਦੀ ਅਗਵਾਈ ਹੇਠ ਕਾਂਗ੍ਰਸ ਦਾ ਜਬਰਦਸਤ ਅੰਦੋਲਨ ਜਾਰੀ ਹੈ। ਕਾਂਗ੍ਰਸੀ ਸੂਬਿਆਂ ਦੇ ਵੱਡੇ ਵੱਡੇ ਵਜ਼ੀਰ ਗ੍ਰਿਫਤਾਰ ਹੋ ਚੁਕੇ ਹਨ। ਬੰਬਈ ਦੇ ਸਾਬਕ ਵਜ਼ੀਰ ਆਜ਼ਮ ਮਿ: ਖੇਰ, ਸੀ. ਪੀ. ਦੇ ਸਾਬਕ ਵਜ਼ੀਰ ਆਜ਼ਮ ਪੰਡਤ ਰਵੀ ਸ਼ੰਕਰ ਸ਼ੁਕਲਾ ਗ੍ਰਿਫਤਾਰ ਹੋ ਚੁਕੇ ਹਨ।

ਤਾਜ਼ੀ ਖਬਰ ਹੈ ਕਿ ਯੂ. ਪੀ. ਦੇ ਸਾਬਕ ਪ੍ਰਧਾਨ ਮੰਤ੍ਰੀ ਪੰਡਤ ਗੋਬਿੰਦ ਬਲਭ ਪੰਤ ਵੀ ਗ੍ਰਿਫਤਾਰ ਕਰ ਲਏ ਗਏ ਹਨ। ਗੱਲਕੀ, ਧੜਾ ਧੜ ਗ੍ਰਿਫਤਾਰੀਆਂ ਹੋ ਰਹੀਆਂ ਹਨ। ਪੰਜਾਬ ਵਿਚ ਵੀ ਸਤਿਆਗ੍ਰਹੀ [illegible] ਦਣ ਭਰਤੀ ਕੀਤੇ ਜਾ ਰਹੇ ਹਨ। [illegible] ਨਵੰਬਰ ਨੂੰ ਪੰਜਾਬ ਪ੍ਰੋਵੈਨਸ਼ਲ ਕਾਂਗ੍ਰਸ ਕਮੇਟੀ ਦੇ ਪ੍ਰਧਾਨ ਮੀਆਂ ਇਫਤਖਾਰ [illegible] ਸਤਿਆਗ੍ਰਹਿ ਕਰਕੇ ਗ੍ਰਿਫਤਾਰ ਹੋ ਰਹੇ ਹਨ। ੨੭ ਨਵੰਬਰ ਨੂੰ ਡਾ: ਗੋਪੀ ਚੰਦ ਭਾਰਗਵ ਸਤਿਆਗ੍ਰਹਿ ਕਰਨਗੇ।

ਸਾਰੇ ਦੇਸ਼ ਵਿਚੋਂ ਸਤਿਆਗ੍ਰਹੀ ਭਰਤੀ ਕੀਤੇ ਜਾ ਰਹੇ ਹਨ। ਪਬਲਿਕ ਵਿਚ ਕਾਂਗ੍ਰਸ ਅੰਦੋਲਨ ਲਈ ਬੜਾ ਉਤ-ਸ਼ਾਹ ਹੈ।

(ਸਫਾ ਦੋ ਦੀ ਬਾਕੀ)

ਪ੍ਰਾਚੀਨ ਤੋਂ ਪ੍ਰਾਚੀਨ ਹਾਂ। ਉਹੀ ਚਤੁਰ ਹੈ ਮੇਰੀ ਚਤੁਰਾਈ ਸਮਝੇ ਜੋ ਮੇਰੇ ਨਾਲ ਨ ਚਲਦੇ ਉਨ੍ਹਾਂ ਦੀ ਹਾਲਤ ਕੰਗਾਲਾਂ ਜੇਹੀ ਜਾਂਦੀ ਹੈ।

ਹੁਨਰ ਦੀ ਮੌਸਮ ਨਵੀਨਤਾ [illegible] ਲਣ ਨਾਲ ਨਹੀਂ ਬਦਲਦੀ, ਤੁਹ[illegible] ਤਕਦੀਰ ਦੀ ਚੋਟੀ ਪਰ ਚੜ੍ਹਕੇ [illegible] ਗਿਰਦੀ ਹੈ।

Sri Satguru Jagjit Singh Ji eLibrary NamdhariElibrary@gmail.com